International Journal of Applied Research 2022; 8(11): 318-327

ISSN Print: 2394-7500
ISSN Online: 2394-5869
Impact Factor: 8.4
IJAR 2022; 8(11): 318-327
www.allresearchjournal.com
Received: 28-09-2022
Accepted: 30-10-2022

ਤੇਜਿੰਦਰ ਸਿੰਘ
ਅਸਿਸਟੈਂਟ ਪ੍ਰੋਸਰ
ਗੋਬਿੰਦਗੜ੍ਹ ਪਬਲਿਕ ਕਾਲਜ
ਅਲੌੜ, ਖੰਨਾ, ਪੰਜਾਬ, ਭਾਰਤ

Corresponding Author:
ਤੇਜਿੰਦਰ ਸਿੰਘ
ਅਸਿਸਟੈਂਟ ਪ੍ਰੋਸਰ
ਗੋਬਿੰਦਗੜ੍ਹ ਪਬਲਿਕ ਕਾਲਜ
ਅਲੌੜ, ਖੰਨਾ, ਪੰਜਾਬ, ਭਾਰਤ

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦਾ ਲੋਕਧਾਰਾਈ ਅਧਿਐਨ ਚਿੰਤਨ

ਤੇਜਿੰਦਰ ਸਿੰਘ

ਜਾਣ-ਪਛਾਣ

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਪੰਜਾਬੀ ਲੋਕਧਾਰਾ ਅਧਿਐਨ ਖੇਤਰ ਵਿੱਚ ਇੱਕ ਸੰਸਥਾ ਜਿੰਨਾ ਮਹੱਤਵਪੂਰਨ ਸਥਾਨ ਰੱਖਦਾ ਹੈ। ਬੇਦੀ ਨੇ ਆਪਣਾ ਇਹ ਮੁਕਾਮ ਵਰ੍ਹਿਆਂ ਦੀ ਆਪਣੀ ਗੰਭੀਰ ਅਤੇ ਸਖ਼ਤ ਮਿਹਨਤ ਤੋਂ ਬਾਅਦ ਅਰਜਿਤ ਕੀਤਾ। ਉਸਨੇ ਗੰਭੀਰ ਵਿਗਿਆਨਕ ਆਲੋਚਨਾ ਨੂੰ ਸਰਲ ਸਿਰਜਣਾਤਮਕ ਸ਼ੈਲੀ ਵਿੱਚ ਪ੍ਰਸਤੁਤ ਕੀਤਾ, ਇਹ ਉਸਦੇ ਖੋਜ ਕਾਰਜ ਦੀ ਠੋਸ ਵਿਸ਼ੇਸ਼ਤਾ ਹੈ। ਡਾ. ਬੇਦੀ ਪੰਜਾਬੀ ਲੋਕਧਾਰਾ ਅਧਿਐਨ ਖੇਤਰ ਵਿੱਚ ਵਿਗਿਆਨਕ ਚਿੰਤਨ ਦਾ ਮੋਢੀ ਹੈ। ਡਾ. ਬੇਦੀ ਤੋਂ ਪੂਰਬਲੇ ਲੋਕਧਾਰਾ ਅਧਿਐਨ ਕਾਰਜ ਅੰਗਰੇ÷ਸ਼ਾਸਕਾਂ ਨੇ ਜਾਂ ਤਾਂ ਆਪਣੀ ਨਿੱਜੀ ਰੁਚੀ ਲਈ ਜਾਂ ਫਿਰ ਬਸਤੀਵਾਦੀ ਲੋੜਾਂ ਦੀ ਪੂਰਤੀ ਹਿਤ ਕੀਤੇ। ਇਹਨਾ ਵਿਦਵਾਨਾਂ ਦੁਆਰਾ ਕੀਤਾ ਗਿਆ ÷ਿਆਦਾਤਰ ਅਧਿਐਨ ਕਾਰਜ ਨਾ ਤਾਂ ਪੰਜਾਬੀ ਮਾਨਵ ਦੇ ਗੌਰਵ ਨੂੰ ਉਜਾਗਰ ਕਰਦਾ ਸੀ ਤੇ ਨਾ ਹੀ ਲੋਕ ਸੰਸਕ੍ਰਿਤੀ ਦੇ ਵਿਭਿੰਨ ਪਸਾਰਾਂ ਦੀ ਵਿਆਖਿਆ ਕਰਦਾ ਸੀ। ਇਹਨਾ ਵਿਦੇਸ਼ੀ ਵਿਦਵਾਨਾਂ ਦੁਆਰਾ ਕੀਤਾ ਗਿਆ ਅਧਿਐਨ ਕਾਰਜ ਭਾਵੇਂ ਮਹੱਤਵਪੂਰਨ ÷ਰੂਰ ਹੈ ਪ੍ਰੰਤੂ ਇਹ ਕਾਰਜ ਪੰਜਾਬੀ ਲੋਕਮਨ ਦੀਆਂ ਪ੍ਰਵਿਰਤੀਆਂ ਦੇ ਵਿਗਿਆਨਕ ਵਿਸ਼ਲੇਸ਼ਣ ਵੱਲ ਰੁਚਿਤ ਨਹੀਂ ਸੀ। ਅੰਗਰੇ÷ ਵਿਦਵਾਨਾਂ ਤੋਂ ਬਾਅਦ ਪੰਜਾਬੀ ਵਿਦਵਾਨਾਂ ਦੁਆਰਾ ਕੀਤਾ ਗਿਆ ਲੋਕਧਾਰਾ ਅਧਿਐਨ ਕਾਰਜ ਵੀ ਬਹੁਤਾ ਸੰਤੋਖਜਨਕ ਨਹੀਂ ਸੀ। ਇਹਨਾਂ ਦੇਸੀ ਵਿਦਵਾਨਾਂ ਦੁਆਰਾ ਕੀਤੇ ਗਏ ਅਧਿਐਨ ਕਾਰਜ ਵਿੱਚ ਲੋਕਧਾਰਾਈ ਸਮੱਗਰੀ ਪ੍ਰਤਿ ਰਵੱਈਆ ਪਥਰਾਟ ਸਮੱਗਰੀ (Fossil Material)ਵਾਲਾ ਹੀ ਸੀ, ਜਿਹੜੀ ਕਿ ਤੇ÷ੀ ਨਾਲ਼ੋਂਪਤ ਹੋ ਰਹੀ ਹੋਵੇ ਅਤੇ ਜਿਸਨੂੰ ਭਾਵੁਕ ਰੂਪ ਵਿੱਚ ਸੰਭਾਲਣਾ ÷ਰੂਰੀ ਹੋਵੇ।

ਬੇਦੀ ਨੇ ਇਹਨਾਂ ਦੋਵਾਂ ਧਾਰਨਾਵਾਂ ਤੋਂ ਵਿੱਥ ਸਥਾਪਿਤ ਕਰਦਿਆਂ ਇਸ ਸਮੱਗਰੀ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅਧਿਐਨ ਪ੍ਰਸਤੁਤ ਕੀਤਾ। ਲੋਕਧਾਰਾਈ ਸਮੱਗਰੀ ਦਾ ਕਿਸੇ ਇਕਹਿਰੇ ਅਨੁਸ਼ਾਸਨ ਤੋਂ ਪ੍ਰਾਪਤ ਦ੍ਰਿਸ਼ਟੀਆਂ ਰਾਹੀਂ ਅਧਿਐਨ ਨਹੀਂ ਕੀਤਾ ਜਾ ਸਕਦਾ। ਵਿਸ਼ਵ ਪੱਧਰ ਤੇ ਲੋਕਧਾਰਾਈ ਸਮੱਗਰੀ ਦੇ ਮੁਢਲੇ ਅਧਿਐਤਾ ਮਾਨਵ ਵਿਗਿਆਨੀ ਸਨ। ਮਾਨਵ ਵਿਗਿਆਨੀਆਂ ਨੇ ਇਸ ਸਮੱਗਰੀ ਬਾਰੇ ਬਹੁਤ ਸਾਰੀ ਜਾਣਕਾਰੀ ਘੁੱਮਕੜ ਯਾਤਰੀਆਂ, ਪਾਦਰੀਆਂ, ਪੁਰਾਤੱਤਵ ਵਿਗਿਆਨੀਆਂ, ਵਪਾਰੀਆਂ ਆਦਿ ਤੋਂ ਪ੍ਰਾਪਤ ਕੀਤੀ, ਇਹਨਾ ਸੋਮਿਆਂ ਤੋਂ ਵਿਸ਼ੇਸ਼ ਰੂਪ ਵਿੱਚ ਉਹਨਾਂ ਨੇ ਮੌਖਿਕ ਅਤੇ ਲਿਖਤ ਲੋਕਧਾਰਾਈ ਸਮੱਗਰੀ ਪ੍ਰਾਪਤ ਕੀਤੀ।

ਡਾਰਵਿਨ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਮਾਨਵ ਵਿਗਿਆਨੀਆਂ ਨੇ ਮਾਨਵ ਦੀਆਂ ਸਾਂਸਕ੍ਰਿਤਕ ਸਿਰਜਣਾਵਾਂ ਨੂੰ, ਪ੍ਰਕਿਰਤੀ ਅਤੇ ਮਾਨਵ ਦੇ ਵਿਚਕਾਰ ਸੰਘਰਸ਼ ਦੌਰਾਨ ਸੰਤੁਲਨ ਸਥਾਪਿਤ ਕਰਨ ਦੇ ਉਪਰਾਲਿਆਂ ਦੇ ਸਿੱਟੇ ਵਜੋਂ ਉਤਪੰਨ ਹੋਣ ਦਾ ਸੰਕਲਪ ਪ੍ਰਸਤੁਤ ਕੀਤਾ। ਇਹਨਾਂ ਮਾਨਵ ਵਿਗਿਆਨੀਆਂ ਦੀਆਂ ਧਾਰਨਾਵਾਂ ਅਨੁਸਾਰ ਵਿਸ਼ਵਾਸ ਦੇ ਪੱਧਰ ਤੇ ਮਾਨਵ ਨੇ ਆਪਣੀ ਹੋਂਦ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਜਿਹੜਾ ਪ੍ਰਪੰਚ ਰਚਿਆ ਅਸੀਂ ਇਸ ਵਿਸ਼ਵਾਸ਼ ਪ੍ਰਬੰਧ ਨੂੰ ਲੋਕਧਾਰਾਈ ਵਰਤਾਰੇ ਵਜੋਂ ਅਧਿਐਨ ਕਰਦੇ ਹਾਂ।

ਮਾਨਵ ਵਿਗਿਆਨੀਆਂ ਦੀ ਦਿਲਚਸਪੀ ਮੁਢਲੇ ਮਾਨਵ ਦੀ ਮਨੋਬਣਤਰ ਸੰਬੰਧੀ ਵੀ ਸੀ। ਕਿਉਂਕਿ ਇਹ ਵਿਸ਼ੇਸ਼ ਮਨੋਸਥਿਤੀ ਹੀ ਵਿਸ਼ਵਾਸ ਪ੍ਰਬੰਧ ਦੀ ਸਿਰਜਣਾ ਦਾ ਮੂਲ ਸੋਮਾ ਅਤੇ ਉਸਦੀ ਪੋਸ਼ਕ ਵੀ ਸੀ। ਆਪਣੀਆਂ ਧਾਰਨਾਵਾਂ ਦੇ ਵਿਗਿਆਨਕ ਆਧਾਰਾਂ ਲਈ ਮਾਨਵ ਵਿਗਿਆਨੀਆਂ ਨੇ ਮਨੋਵਿਗਿਆਨ ਦੇ ਸੰਕਲਪਾਂ ਦਾ ਸਹਾਰਾ ਲਿਆ। ਮਨੋਵਿਗਿਆਨੀਆਂ ਨੇ ਮਾਨਵ ਦੇ ਆਦਿਮ ਸੰਸਕਾਰਾਂ ਨੂੰ ਸਮੂਹਕ ਅਵਚੇਤਨ ਦੇ ਸੰਕਲਪ ਦੁਆਰਾ ਸਮਝਣ ਦਾ ਯਤਨ ਕੀਤਾ ਹੈ। ਇਸ ਸੰਕਲਪ ਨੇ ਮਾਨਵ ਵਿਗਿਆਨ ਅਤੇ ਮਨੋਵਿਗਿਆਨ ਨੂੰ ਸਾਂਝੇ ਰੂਪ ਵਿੱਚ ਮਾਨਵ ਦੇ ਸਾਂਸਕ੍ਰਿਤਕ ਪਸਾਰਾਂ ਦੇ ਅਧਿਐਨ ਲਈ ਇਕ ਸਾਂਝਾ ਆਧਾਰ ਪ੍ਰਦਾਨ ਕੀਤਾ। ਪੁਰਾਤੱਤਵ ਵਿਗਿਆਨ ਦੀਆਂ ਲੱਭਤਾਂ ਪ੍ਰਾਚੀਨ ਸਮਾਜਾਂ ਵਿਚ ਮਿਲਦੀ ਸਮੱਗਰੀ 'ਤੇ ਉਕਰੇ ਚਿੱਤਰਾਂ, ਸ਼ਿਕਾਰ ਦੇ ਸੰਦਾਂ, ਸਮੂਹਿਕ ਕਬਰਾਂ, ਧਰਮ ਸਥਾਨਾਂ ਆਦਿ ਤੋਂ ਪ੍ਰਾਚੀਨ ਮਾਨਵ ਦੀ ਅਜਿਹੀ ਝਲਕ ਪ੍ਰਾਪਤ ਹੁੰਦੀ ਹੈ ਜਿਹੜੀ ਕਿ ਸਾਂਸਕ੍ਰਿਤਕ ਵਿਕਾਸ ਦੀਆਂ ਛੋਟੀ ਛੋਟੀਆਂ ਛੋਹਾਂ ਪ੍ਰਸਤੁਤ ਕਰਦੀ ਹੈ। ਇਸ ਸਾਰੀ ਸਮੱਗਰੀ ਦੀ ਪ੍ਰਕਿਰਤੀ ਵੀ ਲੋਕਧਾਰਾਈ ਭਾਂਤ ਦੀ ਹੁੰਦੀ ਹੈ। ਇਸ ਤੋਂ ਇਲਾਵਾ ਸਮਾਜ ਵਿਗਿਆਨ ਦੀਆਂ ਬਹੁਤ ਸਾਰੀਆਂ ਲੱਭਤਾਂ ਵੀ ਆਦਿਮ ਜੀਵਨ ਦੀ ਸਮਾਜਕ ਬਣਤਰ ਅਤੇ ਵਿਸ਼ਵਾਸ ਪ੍ਰਬੰਧ ਦਾ ਅਧਿਐਨ ਪ੍ਰਸਤੁਤ ਕਰਦੀਆਂ ਹਨ।

ਉਪਰੋਕਤ ਵਿਚਾਰਾਂ ਦਾ ਮਕਸਦ ਇਸ ਧਾਰਨਾ ਨੂੰ ਸਪਸ਼ਟ ਕਰਨਾ ਸੀ ਕਿ ਲੋਕਧਾਰਾ ਵਿਗਿਆਨ ਉਪਰੋਕਤ ਸਾਰੇ ਅਨੁਸ਼ਾਸਨਾਂ ਤੋਂ ਦ੍ਰਿਸ਼ਟੀਆਂ ਪ੍ਰਾਪਤ ਕਰਕੇ ਆਪਣਾ ਸਿਧਾਂਤਕ ਚੌਖਟਾ ਸਿਰਜਦਾ ਹੈ। ਡਾ.ਬੇਦੀ ਨੇ ਪੰਜਾਬੀ ਲੋਕਧਾਰਾ ਅਧਿਐਨ ਖੇਤਰ ਵਿਚ ਪਹਿਲੀ ਵਾਰ ਇਸ ਵਿਗਿਆਨਕ ਚਿੰਤਨ ਦਾ ਮੁੱਢ ਬੰਨ੍ਹਿਆ। ਅੰਤਰ ਅਨੁਸ਼ਾਸ਼ਨੀ ਵਿਧੀ ਦੁਆਰਾ ਪੰਜਾਬੀ ਲੋਕਧਾਰਾਈ ਸਮੱਗਰੀ ਦਾ ਅਧਿਐਨ ਕਰਦਿਆਂ ਅਸੀਂ ਬੇਦੀ ਦੇ ਲੋਕਧਾਰਾਈ ਅਧਿਐਨ ਕਾਰਜ ਨੂੰ ਦੋ ਜੁੱਟਾਂ ਅਧੀਨ ਅਧਿਐਨ ਕਰਾਂਗੇ। ਪਹਿਲਾ ਬੇਦੀ ਦੇ ਮੂਲ ਸੰਕਲਪਾਂ ਦੇ ਬੁਨਿਆਦੀ ਜੁੱਟਾਂ ਦਾ ਅਧਿਐਨ ਜਿਨ੍ਹਾਂ ਦੀਆਂ ਅੰਤਰ ਦ੍ਰਿਸ਼ਟੀਆਂ ਉਸਦੀ ਸਾਰੀ ਅਧਿਐਨ ਵਿਧੀ ਦੇ ਆਰ ਪਾਰ ਫੈਲੀਆਂ ਹੋਈਆਂ ਹਨ। ਦੂਸਰਾ ਇਹਨਾਂ ਸੰਕਲਪਾਂ ਦੇ ਆਧਾਰ ਤੇ ਬੇਦੀ ਦੁਆਰਾ ਮਧਕਾਲੀਨ ਸਾਹਿਤ ਰੂਪਾਂ, ਵਿਸ਼ੇਸ਼ ਤੌਰ ਕਥਾ ਸਾਹਿਤ ਅਤੇ ਵਸ਼ਿਸ਼ਟ ਸਾਹਿਤ, ਅਤੇ ਲੋਕਧਾਰਾ ਦੇ ਅੰਤਰ ਸੰਬੰਧਾਂ ਦਿਤੀਆਂ ਧਾਰਨਾਵਾਂ ਦਾ ਅਧਿਐਨ ਕਰਾਂਗੇ।

ਬੇਦੀ, ਡਾਰਵਿਨਵਾਦੀ ਮਾਨਵ ਵਿਗਿਆਨੀਆਂ ਦੀਆਂ ਧਾਰਨਾਵਾਂ ਦਾ ਅਨੁਸਰਣ ਕਰਦਾ ਹੈ, ਜਿਸ ਅਨੁਸਾਰ ਮਾਨਵ ਦੀ ਹਰੇਕ ਸਾਂਸਕ੍ਰਿਤਕ ਸਿਰਜਣਾ ਪ੍ਰਕਿਰਤੀ ਅਤੇ ਮਾਨਵੀ ਸੰਘਰਸ਼ ਦੌਰਾਨ ਮਾਨਵ ਦੀ ਹੋਂਦ ਨੂੰ ਦਿਲਾਸਾ, ਸੁਰੱਖਿਆ ਅਤੇ ਮਾਨਸਿਕ ਸੰਤੁਲਨ ਪ੍ਰਦਾਨ ਕਰਨ ਦਾ ਇੱਕ ਯਤਨ ਹੈ। ਇਸ ਧਾਰਨਾ ਅਨੁਸਾਰ ਮਾਨਵ ਦੀ ਮੁਢਲੀ ਚਿੰਤਨ ਪ੍ਰਕਿਰਿਆ ਦਾ ਮਾਨਵ ਦੀ ਹਰੇਕ ਸਾਂਸਕ੍ਰਿਤਕ ਸਿਰਜਣਾ ਉਪਰ ਅਸਰ ਲਾ÷ਮੀ ਹੁੰਦਾ ਹੈ। ਭਾਵ ਮਾਨਵ ਦਾ ਆਦਿਮ ਚਿੰਤਨ ਕਿਸੇ ਨਾ ਕਿਸੇ ਰੂਪ ਵਿੱਚ ਸਾਂਸਕ੍ਰਿਤਕ ਸਿਰਜਣਾਵਾਂ ਦੌਰਾਨ ਆਪਣਾ ਪ੍ਰਦਰਸ਼ਨ ਕਰਦਾ ਰਹਿੰਦਾ ਹੈ। ਇਹਨਾਂ ਵਿਚਾਰਾਂ ਦੀ ਰੌਸ਼ਨੀ ਵਿੱਚ ਅਸੀਂ ਸਭ ਤੋਂ ਪਹਿਲਾਂ ਆਦਿਮ ਮਾਨਵ ਦੇ 'ਜਾਦੂ ਚਿੰਤਨ' ਸੰਬੰਧੀ ਵਿਚਾਰਾਂ ਨੂੰ ਬੇਦੀ ਦੇ ਲੋਕਧਾਰਾਈ ਅਧਿਐਨ ਕਾਰਜ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕਰਾਂਗੇ। ਪੰਜਾਬੀ ਲੋਕਧਾਰਾ ਅਧਿਐਨ ਖੇਤਰ ਵਿੱਚ ਪਹਿਲੀ ਵਾਰ ਬੇਦੀ, ਜਾਦੂ ਚਿੰਤਨ ਦੀ ਵਿਗਿਆਨਕ ਜਾਣ ਪਛਾਣ ਪ੍ਰਸਤੁਤ ਕਰਦਾ ਹੈ ਲੋਕਧਾਰਾਈ ਵਰਤਾਰਿਆਂ ਪਿਛਲੀ ਕਾਰਜਸ਼ੀਲ ਜਾਦੂ ਚਿੰਤਨ ਪ੍ਰਣਾਲੀ ਨੂੰ ਵਿਵਹਾਰਕ ਰੂਪ ਵਿੱਚ ਸਮਝਣ ਸਮਝਾਉਣ ਦਾ ਉਪਰਾਲਾ ਕਰਦਾ ਹੈ।

ਬੇਦੀ ਨੇ ਜਾਦੂ ਚਿੰਤਨ ਨੂੰ ÒÒਭੁਲਾਵਾਂ ਜਾਦੂÓÓ ਅਤੇ ÒÒਲਾਗਵਾਂ ਜਾਦੂÓÓ ਨਾਮਕਰਨ ਅਧੀਨ ਪਰਿਭਾਸ਼ਿਤ ਕੀਤਾ। ਜਾਦੂ ਚਿੰਤਨ ਲਈ ਬੇਦੀ ਦਾ ਪੱਛਮੀ ਅਧਿਐਨ ਸ੍ਰੋਤ ਜੇਮ÷ ਫਰੇ÷ਰ ਦੀ ਵਿਸ਼ਵ ਪ੍ਰਸਿੱਧ ਪੁਸਤਕ 'The Golden Bough' ਸੀ। ਫਰੇ÷ਰ, ਜੀਵ ਵਿਕਾਸ ਦੇ ਸਿਧਾਂਤ ਤੋਂ ਪ੍ਰਭਾਵਿਤ ਪ੍ਰਤਿਭਾਵਾਨ ਪੀੜ੍ਹੀ ਵਿੱਚੋਂ ਸੀ। ਉਸਨੇ ਮਾਨਵ ਦੀਆਂ ਸਾਂਸਕ੍ਰਿਤਕ ਪ੍ਰਾਪਤੀਆਂ ਦੀ ਅਧਿਐਨ ਰੇਖਾ ਉਲੀਕਦਿਆਂ ਡਾਰਵਿਨ ਦੀਆਂ ਅਧਿਐਨ ਵਿਧੀਆਂ ਅਤੇ ਸਿਧਾਂਤਕ ਦ੍ਰਿਸ਼ਟੀਕੋਣ ਦਾ ਅਨੁਸਰਣ ਕੀਤਾ। ਇਸ ਪੁਸਤਕ ਵਿੱਚ ਫਰੇ÷ਰ ਨੇ ਜਾਦੂ ਚਿੰਤਨ ਸੰਬੰਧੀ ਆਪਣੀਆਂ ਧਾਰਨਾਵਾਂ ਦਿੱਤੀਆਂ। ਫਰੇ÷ਰ ਤੋਂ ਪਹਿਲਾਂ E. B. Tylor ਨੇ ਆਪਣੀ ਪੁਸਤਕ Primitive Culture ਰਾਹੀਂ ਇਸ ਖੇਤਰ ਵਿੱਚ ਅਗਾਂਹ ਅਧਿਐਨ ਲਈ ਬੁਨਿਆਦੀ ਆਧਾਰ ਤਿਆਰ ਕਰ ਦਿੱਤਾ ਸੀ। ਫਰੇ÷ਰ ਨੇ ਟਾਈਲਰ ਦੀਆਂ ਬੁਨਿਆਦੀ ਧਾਰਨਾਵਾਂ ਦਾ ਵਿਸਥਾਰ ਕਰਦਿਆਂ ਹੋਇਆਂ ਆਪਣਾ ਜਾਦੂ ਚਿੰਤਨ ਦਾ ਸਿਧਾਂਤ ਦਿੱਤਾ।

ਜਾਦੂ ਚਿੰਤਨ ਮੂਲ ਰੂਪ ਵਿੱਚ ਆਦਿਮ ਮਨੁੱਖ ਦੇ ਮਨ ਦੇ ਤਰਕ ਅਤੇ ਕਾਰਜ ਪ੍ਰਕ੍ਰਿਆ ਉੱਤੇ ਉਸਰਿਆ ਹੋਇਆ ਚਿੰਤਨ ਹੈ। ਆਦਿ ਕਾਲ ਤੋਂ ਹੀ ਮਾਨਵ ਦੀ ਰੁਚੀ ਉਹ ਨੇਮ ਜਾਂ ਧਾਰਨਾਵਾਂ ਲੱਭਣ ਵੱਲ ਰੁਚਿਤ ਰਹੀ ਜਿਨ੍ਹਾਂ ਦੁਆਰਾ ਉਹ ਪ੍ਰਕਿਰਤੀ ਦੀ ਵਿਵਸਥਾ ਦਾ ਗਿਆਨ ਅਰਜਿਤ ਕਰ ਸਕੇ। ਆਦਿਮ ਮਾਨਵ ਪ੍ਰਕਿਰਤੀ ਦੀ ਅਨੰਤਤਾ, ਸ਼ਕਤੀ ਅਤੇ ਵਿਰਾਟਤਾ ਨੂੰ ਆਧੁਨਿਕ ਮਾਨਵ ਵਾਲੋਂ ਕਿਤੇ ਵਧੇਰੇ ਪ੍ਰਬਲ ਤਰੀਕੇ ਨਾਲ ਅਨੁਭਵ ਕਰਦਾ ਸੀ। ਪ੍ਰਕਿਰਤੀ ਦੀ ਤਾਕਤ ਦੇ ਸਾਹਮਣੇ ਆਦਿਮ ਮਾਨਵ ਆਪਣੀ ਹੋਂਦ ਨੂੰ ਲਘੂ ਅਤੇ ਅਸਹਾਇ ਅਨੁਭਵ ਕਰਦਾ ਸੀ। ਜਾਦੂ ਚਿੰਤਨ ਨੇ ਆਦਿਮ ਮਾਨਵ ਨੂੰ ਵਿਰਾਟ ਪ੍ਰਕਿਰਤੀ ਦੇ ਸਨਮੁਖ ਹੋਣ ਦਾ ਹੌਸਲਾ ਪ੍ਰਦਾਨ ਕੀਤਾ।

ਇਸ ਮਾਨਵੀ ਜਗਿਆਸਾ ਦਾ ਸਿੱਟਾ 'ਜਾਦੂ ਚਿੰਤਨ' ਦੇ ਰੂਪ ਵਿੱਚ ਪ੍ਰਾਪਤ ਹੋਇਆ। ਜਾਦੂ ਚਿੰਤਨ ਦੀਆਂ ਧਾਰਨਾਵਾਂ ਅਨੁਸਾਰ ਪ੍ਰਕਿਰਤੀ ਦੀ ਸ਼ਕਤੀ ਅਵਚੇਤਨ ਅਤੇ ਵਿਅਕਤੀ ਰਹਿਤ ਹੈ। ਪ੍ਰਕਿਰਤੀ ਵਿੱਚ ਕੋਈ ਕਾਰਨ ਕਿਸੇ ਕਾਰਜ ਨੂੰ ਜਨਮ ਦਿੰਦਾ ਹੈ ਅਤੇ ਬਿਨਾ ਕਿਸੇ ਬਾਹਰੀ ਦਖ਼ਲ ਦੇ ਇਹ ਲੜੀ ਲਗਾਤਾਰ ਕਾਰਜਸ਼ੀਲ ਰਹਿੰਦੀ ਹੈ। ਜਾਦੂ ਚਿੰਤਨ ਦੇ ਇਸ ਤਰਕ ਸੰਬੰਧੀ ਫਰੇ÷ਰ ਲਿਖਦਾ ਹੈ ਕਿ –

''ਇਸ ਚਿੰਤਨ ਦੀ ਧਾਰਨਾ ਅਨੁਸਾਰ ਪ੍ਰਕਿਰਤੀ ਵਿੱਚ ਇੱਕ ਘਟਨਾ ਤੋਂ ਬਾਅਦ ਦੂਸਰੀ ਘਟਨਾ, ਬਿਨਾ ਕਿਸੇ ਅਧਿਆਤਮਕ ਜਾਂ ਨਿੱਜੀ ਸਬੱਬ ਦੇ ਲਾ÷ਮੀ ਅਤੇ ਇਕਸਾਰ ਰੂਪ ਵਿੱਚ ਵਾਪਰਦੀ ਰਹਿੰਦੀ ਹੈ। ਇਸ ਤਰ੍ਹਾਂ ਇਹ ਚਿੰਤਨ ਬੁਨਿਆਦੀ ਰੂਪ ਵਿੱਚ ਆਧੁਨਿਕ ਵਿਗਿਆਨਕ ਸੰਕਲਪਨਾਵਾਂ ਦੇ ਸਮਾਨਰੂਪੀ ਹੈ।''[1]

ਜਾਦੂ ਅਤੇ ਵਿਗਿਆਨ ਦੀ ਪ੍ਰਕਿਰਤੀ ਵਿਚਲੀ ਬੁਨਿਆਦੀ ਸਾਂਝ ਇਹ ਹੈ ਕਿ ਦੋਵੇਂ ਕਾਰਨ/ਕਾਰਜ ਸਿਧਾਂਤ ਦਾ ਅਨੁਸਰਣ ਕਰਦੇ ਹਨ। ਦੋਵੇਂ ਇਸ ਤੱਥ ਨਾਲ ਸਹਿਮਤ ਹਨ ਕਿ ਪ੍ਰਕਿਰਤੀ ਦੇ ਵਰਤਾਰੇ ਸੰਪੂਰਨ ਲਗਾਤਾਰਤਾ ਵਿੱਚ ਕੁੱਝ ਅਟੱਲ ਨਿਯਮਾਂ ਅਧੀਨ ਕਾਰਜਸ਼ੀਲ ਹਨ ਅਤੇ ਕਿਸੇ ਪਰਮ ਇੱਛਾ ਦੀ ਕੋਈ ਭਾਵਨਾ ਕਾਰਜ ਨਹੀਂ ਕਰ ਰਹੀ ਹੈ। ਅਸਲ ਵਿੱਚ ਜਾਦੂ ਚਿੰਤਨ, ਪ੍ਰਕਿਰਤੀ ਦੇ ਨੇਮਾਂ ਦਾ ਹੀ ਪਾਲਣ ਕਰ ਰਿਹਾ ਹੈ। ਜਾਦੂ ਵੀ ਉਹੀ ਪ੍ਰਕਾਰਜ ਨਿਭਾ ਰਿਹਾ ਹੈ ਜੋ ਪ੍ਰਕਿਰਤੀ ਕਰ ਰਹੀ ਹੈ ਜਾਂ ਕਰਨਾ ਚਾਹੁੰਦੀ ਹੈ। ਆਦਿਮ ਮਾਨਵ ਜਾਦੂ ਚਿੰਤਨ ਰਾਹੀਂ ਇਕ 'ਭੁਲਾਵੇਂ' ਦੀ ਸਿਰਜਣਾ ਕਰ ਰਿਹਾ ਹੈ। ਜਿਸਨੂੰ ਅਸੀਂ 'ਕਾਰਨ'(Cause) ਕਹਿ ਸਕਦੇ ਹਾਂ ਅਤੇ ਇਸ 'ਕਾਰਨ' ਤੋਂ ਅਗਾਂਹ 'ਕਾਰਜ'(ਥਰਿੲਫਵ) ਦੀ ਆਪਮੁਹਾਰੀ ਲੜੀ ਨੂੰ ਆਪਣੇ ਆਪ ਸ਼ੁਰੂ ਕਰ ਸਕਣ ਦਾ ਭਰਮ (Illusion) ਹੀ ਇਸ ਚਿੰਤਨ ਦਾ ਆਧਾਰ ਹੈ।

ਜਾਦੂ ਨਿਰੋਲ ਪ੍ਰਕਿਰਤਕ ਵਰਤਾਰਿਆਂ ਦੇ ਵਾਪਰਨ ਦੀ ਕਾਮਨਾ ਕਰਦਾ ਹੈ ਅਤੇ ਇਸ ਕਾਮਨਾ ਵਿੱਚ ਆਦੇਸ਼ ਦੀ ਸੁਰ ਭਾਰੂ ਹੁੰਦੀ ਹੈ ਕਿਉਂਕਿ ਪ੍ਰਕਿਰਤੀ ਵਿੱਚ ਪ੍ਰਾਪਤ ਹੁੰਦੇ ਕਾਰਨ/ਕਾਰਜ ਸੰਬੰਧ ਅਟੱਲ ਅਤੇ ਅਕੱਟ ਹਨ। ਇਸ ਲਈ ਜਾਦੂ ਚਿੰਤਨ ਵਿੱਚ ਪ੍ਰਕਿਰਤੀ ਵਿੱਚ ਪ੍ਰਸਾਰਿਤ ਕੀਤੇ ਗਏ 'ਕਾਰਨਾਂ' ਰਾਹੀਂ 'ਕਾਰਜ' ਸਾਧਣ ਦੀ ਧਾਰਨਾ ਨੂੰ ਵੀ ਅਟੱਲ ਅਤੇ ਅਕੱਟ ਨਿਯਮ ਵਾਂਗ ਪ੍ਰਵਾਨ ਕੀਤਾ ਗਿਆ। ਉਪਰੋਕਤ ਧਾਰਨਾ ਕਾਰਨ ਹੀ ਜਾਦੂ ਚਿੰਤਨ ਪ੍ਰਕਿਰਤੀ ਦੀ ਸ਼ਕਤੀ ਨੂੰ ਸ਼ਰਧਾ ਅਤੇ ਸਨਮਾਨ ਨਾਲੋਂ, ਪ੍ਰਭਾਵ ਅਤੇ ਨਿਯੰਤਰਣ ਦੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ।

ਜੇਮ÷ ਫਰੇ÷ਰ ਨੇ ਆਦਿਮ ਮਾਨਵ ਦੀਆਂ ਜਾਦੂ ਚਿੰਤਨ ਸੰਬੰਧੀ ਧਾਰਨਾਵਾਂ ਨੂੰ ਸਹਾਨੁਭੂਤੀ (Sympathy) ਦੇ ਸਿਧਾਂਤ ਦੇ ਆਧਾਰ ਤੇ ਨਿਯਮਬੱਧ ਕੀਤਾ। ਇਹ ਸਹਾਨੁਭੂਤੀ ਕਈ ਵਾਰ ਵਸਤਾਂ ਅਤੇ ਵਰਤਾਰਿਆਂ ਦੀ ਸਮਰੂਪਤਾ ਜਾਂ ਸਮਾਨਤਾ (Resemblance) ਤੇ ਆਧਾਰਿਤ ਹੁੰਦੀ ਸੀ ਅਤੇ ਕਈ ਵਾਰ ਇਹ ਪ੍ਰਕਿਰਤੀ ਵਿੱਚ ਪ੍ਰਾਪਤ ਵਸਤਾਂ, ਜੀਵਾਂ, ਮਨੁੱਖਾਂ ਆਦਿ ਦੇ ਆਪਸੀ ਸੰਪਰਕ ਸਥਾਪਿਤ ਹੋਣ ਨਾਲ ਸੰਬੰਧਿਤ ਹੁੰਦੀ ਸੀ। ਫਰੇ÷ਰ ਨੇ ਆਪਣੇ ਮੁਢਲੇ ਸਿਧਾਂਤ ਸਹਾਨੁਭੂਤੀ ਜਾਦੂ (ਛਖਠਬ.ਵੀਕਵਜਫ ਝ.ਪਜਫ) ਨੂੰ ਅਗਾਂਹ ਦੋ ਭਾਗਾਂ ਵਿੱਚ ਵਿਭਾਜਿਤ ਕੀਤਾ। ਪਹਿਲਾ ਸਮਪ੍ਰਭਾਵੀ ਜਾਦੂ (Homeopathic Magic) ਜੋ ਸਮਾਨਤਾ ਦੇ ਸਿਧਾਂਤ (Law of Similarity) ਦੀ ਧਾਰਨਾ ਤੇ ਆਧਾਰਿਤ ਸੀ ਅਤੇ ਦੂਸਰਾ ਸਪਰਸ਼ ਜਾਦੂ (ਡਰਅਵ.ਪਜਰਚਤ ਝ.ਪਜਫ) ਜੋ ਸੰਪਰਕ ਦੇ ਸਿਧਾਂਤ (Law of Contact) ਤੇ ਆਧਾਰਿਤ ਸੀ। ਇਸ ਚਿੱਤਰ ਦੁਆਰਾ ਅਸੀਂ ਸਿਧਾਂਤ ਦੀਆਂ ਸਾਖਾਵਾਂ ਬਿਆਨ ਕਰ ਸਕਦੇ ਹਾਂ।

ਜਾਦੂ ਚਿੰਤਨ ਨੂੰ ਅਸੀਂ ਇਸ ਤਰ੍ਹਾਂ ਸਪਸ਼ਟ ਕਰ ਸਕਦੇ ਹਾਂ ਕਿ ਵਰਤਾਰਿਆਂ ਦੇ ਸੁਚੇਤ ਅਨੁਕਰਣ ਅਤੇ ਵਸਤੂਆਂ ਦੇ ਪ੍ਰਤਿਰੂਪਾਂ ਜਾਂ ਸਮਰੂਪਾਂ ਵਿੱਚ ਇੱਕ ਰਹੱਸਮਈ ਅਚੇਤ ਸੰਮਤੀ (Resemblence) ਹੁੰਦੀ ਹੈ ਅਤੇ ਵਸਤਾਂ ਜਾਂ ਜੀਵਾਂ ਵਿਚਕਾਰ

ਇਕ ਵਾਰ ਭੌਤਿਕ ਸੰਪਰਕ ਸਥਾਪਿਤ ਹੋਣ ਤੋਂ ਬਾਅਦ ਉਹ ਨਿਖੜਨ ਉਪਰੰਤ ਵੀ ਰਹੱਸਮਈ ਢੰਗ ਨਾਲ ਇੱਕ ਦੂਸਰੇ ਵਿੱਚ ਅਭੇਦ ਰਹਿੰਦੇ ਹਨ, ਜਿਵੇਂ ਵੱਖਰਾ ਅੰਸ਼ ਨਾ ਹੋਣ ਸਗੋਂ ਸਮੁੱਚ ਦਾ ਹੀ ਅੰਸ਼ ਹੋਣ ਅਤੇ ਸਮੁੱਚਤਾ ਨੂੰ ਪ੍ਰਭਾਵਤ ਕਰਦੇ ਹੋਣ।

ਇਥੇ ਸਮਪ੍ਰਭਾਵੀ ਜਾਦੂ (Homeopathic Magic) ਦੀ ਭਾਵਨਾ ਨੂੰ ਇਸ ਪ੍ਰਕਾਰ ਸਪੱਸ਼ਟ ਕੀਤਾ ਜਾ ਸਕਦਾ ਹੈ ਕਿ ਜਦੋਂ ਆਦਿਮ ਮਾਨਵ ਸ਼ਿਕਾਰ ਦੇ ਅਭਾਵ ਦੇ ਦਿਨਾਂ ਵਿੱਚ ਭੋਜਨ ਦੀ ਅਣਹੋਂਦ ਦੌਰਾਨ ਅੱਗ ਦੁਆਲੇ ਉਸੇ ਨ੍ਰਿਤ ਦਾ ਪ੍ਰਦਰਸ਼ਨ ਕਰਦਾ ਸੀ, ਜਿਹੜਾ ਕਿ ਉਹ ਸ਼ਿਕਾਰ ਨੂੰ ਅੱਗ ਉਤੇ ਸੱਚਮੁੱਚ ਭੁੰਨਣ ਤੋਂ ਪਹਿਲਾਂ ਕਰਿਆ ਕਰਦਾ ਸੀ ਤਾਂ ਇਥੇ ਸਮਪ੍ਰਭਾਵੀ ਜਾਦੂ ਦੀਆਂ ਧਾਰਨਾਵਾਂ ਅਨੁਸਾਰ ਉਹ ਸ਼ਿਕਾਰ ਦੀ ਪ੍ਰਾਪਤੀ ਤੋਂ ਬਾਅਦ ਦੇ ਪਰਿਣਾਮ (Effect) ਦਾ ਸੁਚੇਤ ਰੂਪ ਵਿੱਚ ਭੁਲੇਖਾ, ਅਨੁਕਰਣ ਜਾਂ ਪ੍ਰਭਾਵ ਸਿਰਜ ਰਿਹਾ ਹੈ। ਇਥੇ ਆਦਿਮ ਮਾਨਵ ਅਨੁਕਰਣ ਦੀ ਸਥਿਤੀ ਵਿੱਚ ਹੈ। ਇਸ ਪਿੱਛੇ ਕਾਰਜਸ਼ੀਲ ਭਾਵਨਾ ਇਹ ਹੈ ਕਿ ਪਰਿਣਾਮ (Effect) ਆਪਣੇ ਕਾਰਨਾਂ(ਙ.ਚਤਕਤ) ਦੇ ਸਮਾਨਰੂਪੀ ਹੁੰਦਾ ਹੈ। ਇਸ ਪ੍ਰਕਾਰ ਪਰਿਣਾਮ (Effect) ਦੇ ਪ੍ਰਤਿਰੂਪ 'ਕਾਰਨ'(ਙ.ਚਤਕ) ਦੇ ਪ੍ਰਕਿਰਤੀ ਵਿੱਚ ਸਹਿਜ ਪ੍ਰਗਟ ਹੋ ਜਾਣ ਦੀ ਕਾਮਨਾ ਕੀਤੀ ਜਾਂਦੀ ਹੈ ਕਿਉਂਕਿ ਪ੍ਰਕਿਰਤੀ ਦੇ ਪਰਿਦ੍ਰਿਸ਼ ਵਿੱਚ 'ਪਰਿਣਾਮ' (Effect) ਰੂਪੀ 'ਕਾਰਨ'(ਙ.ਚਤਕ) ਦਾ ਅਨੁਕਰਣ ਸੰਚਾਰਿਤ ਕੀਤਾ ਜਾ ਚੁੱਕਾ ਹੈ। ਇਸ ਪ੍ਰਕਾਰ ਪਰਿਣਾਮ (Effect) ਭਾਵ ਨ੍ਰਿਤ ਕਰਮ ਦੀ ਖ਼ੁਸ਼ਗਵਾਰ ਸਥਿਤੀ ਪੈਦਾ ਹੋਣ ਦੇ ਕਾਰਨ (Cause) ਭਾਵ ਸ਼ਿਕਾਰ ਦੀ ਪ੍ਰਾਪਤੀ ਰੂਪੀ 'ਕਾਰਨ' ਨੂੰ ਪ੍ਰਕਿਰਤੀ ਤੇ ਆਰੋਪਿਤ ਕੀਤਾ ਜਾਂਦਾ ਹੈ।

ਇਸੇ ਪ੍ਰਕਾਰ ਸਪਰਸ਼ ਜਾਦੂ (ਙਰਅਵ.ਪਜਰਚਤ ਝ.ਪਜਙ) ਅਨੁਸਾਰ ਜੋ ਵਸਤਾਂ ਇਕਵਾਰ ਆਪਸ ਵਿੱਚ ਸੰਪਰਕ ਵਿੱਚ ਰਹੀਆਂ ਹੋਣ ਉਹ ਭੌਤਿਕ ਰੂਪ ਵਿਚ ਨਿਖੜਨ ਉਪਰੰਤ ਵੀ ਰਹੱਸਮਈ ਤਰੀਕੇ ਨਾਲ ਹਮੇਸ਼ਾ ਸੰਪਰਕ ਵਿੱਚ ਰਹਿੰਦੀਆਂ ਹਨ ਅਤੇ ਹਮੇਸ਼ਾ ਇੱਕ ਦੂਸਰੇ ਨੂੰ ਰਹੱਸਮਈ ਤਰੀਕੇ ਨਾਲ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ। ਸਪਰਸ਼ ਜਾਦੂ ਦੀ ਉਦਾਹਰਨ ਦਿੰਦੇ ਫਰੇ÷ਰ ਲਿਖਦਾ ਹੈ ਕਿ "ਉਸ ਹਥਿਆਰ ਅਤੇ ਉਸ ਵਿਅਕਤੀ ਵਿਚਕਾਰ ਰਹੱਸਮਈ ਸਾਂਝ ਸਥਾਪਿਤ ਹੋਈ ਪ੍ਰਵਾਨ ਕੀਤੀ ਜਾਂਦੀ ਹੈ, ਜਿਸ ਦੁਆਰਾ ਉਸ ਵਿਅਕਤੀ ਨੂੰ ÷õਮੀ ਕੀਤਾ ਗਿਆ ਹੋਵੇ। ਇਸ ਵਿਚਾਰ ਪਿਛਲੀ ਧਾਰਨਾ ਇਹ ਹੈ ਕਿ ਹਥਿਆਰ ਉਤੇ ਲੱਗੇ ਖ਼ੂਨ ਅਤੇ ਵਿਅਕਤੀ ਦੇ ਜਿਸਮ ਵਿਚਲੇ ਖ਼ੂਨ ਵਿਚਕਾਰ ਸੰਪਰਕ ਦਾ ਭਾਵ ਲਗਾਤਾਰ ਬਣਿਆ ਰਹਿੰਦਾ ਹੈ।"[2]

ਡਾ. ਬੇਦੀ ਨੇ ਉਪਰੋਕਤ ਦੋਹਾਂ ਸੰਕਲਪਾਂ ਲਈ ਕ੍ਰਮਵਾਰ 'ਭੁਲਾਵਾਂ ਟੂਣਾ' ਅਤੇ 'ਲਾਗਵਾਂ ਦੂਣਾ'ਸ਼ਬਦ ਦੀ ਵਰਤੋਂ ਕੀਤੀ। ਬੇਦੀ ਨੇ ਪਹਿਲੀ ਵਾਰ ਪੰਜਾਬੀ ਲੋਕਧਾਰਾ ਅਧਿਐਨ ਖੇਤਰ ਵਿੱਚ ਜਾਦੂ ਚਿੰਤਨ ਦੀਆਂ ਦੋਵੇਂ ਸ਼ਾõਾਵਾਂ ਦੀ ਮਾਤਰ ਸੰਕੇਤਕ ਸ਼ਬਦਾਵਲੀ ਦੇ ਤੌਰ ਤੇ ਵਰਤੋਂ ਨਹੀਂ ਕੀਤੀ ਸਗੋਂ ਪੰਜਾਬੀ ਲੋਕਧਾਰਾਈ ਸਮੱਗਰੀ ਦੇ ਸੰਦਰਭ ਵਿੱਚ ਇਸਦੀ ਵਿਆਖਿਆ ਅਤੇ ਅਧਿਐਨ ਪ੍ਰਸਤੁਤ ਕੀਤਾ। ਸਮਪ੍ਰਭਾਵੀ ਜਾਦੂ ਲਈ ਬੇਦੀ ਨੇ 'ਭੁਲਾਵਾਂ ਜਾਦੂ'ਸ਼ਬਦ ਇਸਤੇਮਾਲ ਕੀਤਾ। ਇਸਦੀ ਪੰਜਾਬੀ ਲੋਕਧਾਰਾ ਵਿਚੋਂ ਉਦਾਹਰਨ ਦਿੰਦੇ ਬੇਦੀ ਲਿਖਦਾ ਹੈ ਕਿ

"ਜੇ ਕੋਈ ਬਾਂਝ ਇਸਤਰੀ ਚਾਹੁੰਦੀ ਹੈ ਕਿ ਉਸਦੀ ਕੁੱਖ ਹਰੀ ਹੋ ਜਾਵੇ ਤਾਂ ਉਹ ਕੁੱਝ ਮੰਤਰਾਂ ਦਾ ਜਾਪ ਕਰਦੀ ਹੋਈ ਕੱਪੜੇ ਦਾ ਇੱਕ ਗੁੱਡਾ ਬਣਾ ਕੇ, ਉਸਨੂੰ ਅਸਲੀ ਬੱਚੇ ਵਾਂਗ ਖਿਡਾਵੇ, ਦੁੱਧ ਪਿਲਾਵੇ ਅਤੇ ਲੋਰੀਆਂ ਦੇਵੇ, ਇਸ ਤਰ੍ਹਾਂ ਉਸਦੇ ਘਰ ਸੁਤੇ ਸਿੱਧ ਬੱਚਾ ਜਨਮ ਲਵੇਗਾ। ਇਸ ਵਿਚਾਰ ਉਤੇ ਆਧਾਰਿਤ ਟੂਣੇ ਨੂੰ ਭੁਲਾਵਾਂ ਜਾਦੂ ਕਹਿੰਦੇ ਹਨ।"[3]

ਇਸ ਤਰ੍ਹਾਂ ਬੇਦੀ ਨੇ ਸਪਰਸ਼ ਜਾਦੂ ਦੀ ਉਦਾਹਰਨ ਦਿੰਦਿਆਂ ਨਾਮ ਜਪਣ ਦੇ ਸੰਕਲਪ ਦੀ ਵਿਆਖਿਆ ਕੀਤੀ ਜਿਸ ਅਨੁਸਾਰ ਨਾਮ ਅਤੇ ਨਾਮੀ (ਜਿਸਦਾ ਨਾਮ ਜਪਿਆ ਜਾਂਦਾ ਹੈ) ਦਾ ਆਪਸੀ ਸੰਪਰਕ, ਸਪਰਸ਼ ਜਾਦੂ ਦੀ ਭਾਵਨਾ 'ਤੇ ਆਧਾਰਿਤ ਹੋਣ ਕਾਰਨ ਨਾਮ ਜਪਣ ਵਾਲਾ ਨਾਮੀ ਤੱਕ ਪੁੱਜ ਜਾਂਦਾ ਹੈ। ਇਸ ਪ੍ਰਕਾਰ ਬੇਦੀ ਨੇ ਲੋਕਧਰਾਈ ਵਰਤਾਰਿਆਂ ਦਾ ਵਿਗਿਆਨਕ ਆਧਾਰਾਂ ਤੇ ਚਿੰਤਨ ਪ੍ਰਸਤੁਤ ਕੀਤਾ ਗਿਆ।

ਜਾਦੂ ਚਿੰਤਨ ਦੀਆਂ ਰੂੜ੍ਹੀਆਂ ਦੇ ਆਧਾਰ ਤੇ ਹੀ ਬੇਦੀ ਨੇ ਅਗਾਂਹ ਲੋਕ ਧਰਮ ਅਤੇ ਵਸਿਸ਼ਟ ਧਰਮ ਦੇ ਵਰਤਾਰਿਆਂ ਦੀ ਪੰਜਾਬੀ ਲੋਕਧਾਰਾ ਅਧਿਐਨ ਦੇ ਸੰਦਰਭ ਵਿੱਚ ਵਿਗਿਆਨਕ ਵਿਆਖਿਆ ਪ੍ਰਸਤੁਤ ਕੀਤੀ। ਇਸ ਵਿਸ਼ੇ 'ਤੇ ਉਹਨਾਂ ਦੀ ਇੱਕ ਪੁਸਤਕ 'ਲੋਕ ਧਰਮ' ਸਿਰਲੇਖ ਅਧੀਨ ਉਪਲਬਧ ਹੈ। ਇਸ ਪੁਸਤਕ ਵਿੱਚ ਬੇਦੀ ਲੋਕ ਧਰਮ ਸੰਬੰਧੀ ਇਹ ਮਹੱਤਵਪੂਰਨ ਧਾਰਨਾ ਦਿੰਦਾ ਹੈ ਕਿ 'ਲੋਕ ਧਰਮ' ਦਰਸ਼ਨ ਤੋਂ ਮੁਕਤ ਨਹੀਂ ਹੁੰਦਾ। ਲੋਕ ਧਰਮ ਪਿਛਲੇ ਕਾਰਜਸ਼ੀਲ ਦਰਸ਼ਨ ਨੂੰ ਉਹ ਜਾਦੂ ਚਿੰਤਨ ਦੇ ਰੂਪ ਵਿੱਚ ਪ੍ਰਵਾਨ ਕਰਦਾ ਹੈ। ਇਸ ਧਾਰਨਾ ਸੰਬੰਧੀ ਬੇਦੀ ਲਿਖਦਾ ਹੈ ਕਿ "ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਲੋਕ ਧਰਮ ਦਾ ਆਧਾਰ ਕੋਈ ਦਰਸ਼ਨ ਨਹੀਂ ਹੁੰਦਾ, ਇਹ ਕੁੱਝ ਕਰਮ ਕਾਡਾਂ, ਅਨੁਸ਼ਠਾਨਾਂ ਦਾ ਹੀ ਸਮੁੱਚ ਹੁੰਦਾ ਹੈ। ਪਰ ਇਹ ਗੱਲ ਦਰੁਸਤ ਨਹੀਂ। ਜੇ ਇਹ ਮੰਨ ਵੀ ਲਿਆ ਜਾਵੇ ਕਿ ਲੋਕ ਧਰਮ ਕੁਝ ਕੁ ਕਰਮ ਕਾਡਾਂ, ਰੀਤਾਂ ਤੇ ਅਨੁਸ਼ਠਾਨਾਂ ਦੀ ਹੀ ਖਿਚੜੀ ਹੈ, ਤਾਂ ਵੀ ਇਸਨੂੰ ਚਿੰਤਨ ਮੁਕਤ ਨਹੀਂ ਕਿਹਾ ਜਾ ਸਕਦਾ। ਕਿਉਂ ਜੋ ਕਰਮਕਾਡਾਂ, ਰੀਤਾਂ ਜਾਂ ਅਨੁਸ਼ਠਾਨਾਂ ਦਾ ਆਧਾਰ ਟੂਣਾ ਚਿੰਤਨ ਹੈ।"[4]

ਇਸ ਪ੍ਰਕਾਰ ਬੇਦੀ ਨੇ ਆਦਿਮ ਮਾਨਵ ਦੇ ਜਾਦੂ ਚਿੰਤਨ ਦੀਆਂ ਰੂੜ੍ਹੀਆਂ ਦੇ ਆਧਾਰ ਤੇ ਲੋਕਧਾਰਾਈ ਵਰਤਾਰਿਆਂ ਦਾ

ਅਧਿਐਨ ਕਰਦਿਆਂ ਜਾਦੂ ਚਿੰਤਨ ਤੋਂ ਅਗਾਂਹ ਲੋਕ ਧਰਮ ਅਤੇ ਵਸ਼ਿਸ਼ਟ ਧਰਮ ਦੇ ਨਿਖੇੜਿਆਂ ਦੀ ਨਿਸ਼ਾਨਦੇਹੀ ਕੀਤੀ। ਉਸਨੇ ਮਾਨਵ ਦੇ ਸਾਂਸਕ੍ਰਿਤਕ ਵਿਕਾਸ ਦਾ ਵਿਗਿਆਨਕ ਅਧਿਐਨ ਪੰਜਾਬੀ ਖਿੱਤੇ ਦੀ ਲੋਕਧਾਰਾਈ ਸਮੱਗਰੀ ਦੇ ਸੰਦਰਭ ਵਿੱਚ ਕੀਤਾ। ਇਥੇ ਬੇਦੀ ਵਿਸ਼ਵ ਪੱਧਰੀ ਮਾਨਵ ਵਿਗਿਆਨਕ ਦ੍ਰਿਸ਼ਟੀ ਦਾ ਅਨੁਸਰਣ ਕਰਦਾ ਹੈ ਜਿਸ ਅਨੁਸਾਰ ਲੋਕਧਾਰਾਈ ਸਮੱਗਰੀ ਕਿਸੇ ਵਿਸ਼ੇਸ਼ ਖਿੱਤੇ ਦੀ ਹੋਣ ਦੇ ਨਾÿ ਨਾÿ ਆਪਣੀ ਪ੍ਰਕਿਰਤੀ ਦੀ ਸਮਾਨਤਾ ਕਾਰਨ ਸੰਸਾਰ ਦੇ ਕਿਸੇ ਵੀ ਖਿੱਤੇ ਦੀ ਲੋਕਧਾਰਾਈ ਸਮੱਗਰੀ ਨਾਲ ਸਮਾਨਤਾਵਾਂ ਦਾ ਪ੍ਰਦਰਸ਼ਨ ਕਰਦੀ ਹੈ ਕਿਉਂਕਿ ਇਹਨਾ ਦਾ ਸਿਰਜਣ ਬਿੰਦੂ ਇਕ ਸਮਾਨ ਆਦਿਮ ਚੇਤਨਾ ਦਾ ਪੱਧਰ ਹੁੰਦਾ ਹੈ। ਬੇਦੀ ਆਪਣੇ ਸਿਧਾਂਤ ਦੀ ਉਸਾਰੀ ਲਈ ਭਾਵੇਂ ਕਿਸੇ õਾਸ ਖਿੱਤੇ ਦੀ ਸਮੱਗਰੀ ਦੀ ਵਰਤੋਂ ਕਰਦਾ ਹੈ ਪਰੰਤੂ ਉਸਦਾ ਸਿਧਾਂਤਕ ਦ੍ਰਿਸ਼ਟੀਕੋਣ ਸ਼ੁੱਧ ਰੂਪ ਵਿੱਚ ਵਿਗਿਆਨਕ ਆਧਾਰਾਂ ਦੀ ਨਿਸ਼ਾਨਦੇਹੀ ਉਤੇ ਕੇਂਦਰਿਤ ਹੈ। ਬੇਦੀ ਦੀ ਜਾਦੂ ਅਤੇ ਵਸ਼ਿਸ਼ਟ ਧਰਮ ਸੰਬੰਧੀ ਇੱਕ ਟੱਪਣੀ ਦੇਖੋ:

''ਜਿੱਥੇ ਕੋਈ ਰੀਤ ਇਸ ਨਿਸਚੇ ਨਾਲ ਕੀਤੀ ਜਾਵੇ ਕਿ ਇਸ ਨੂੰ ਪੂਰਨ ਵਿਧੀ ਅਨੁਸਾਰ ਕਰਨ ਨਾਲ ਕਿਸੇ ਇੱਛਾ ਦੀ ਸੁੱਤੇ ਸਿੱਧ ਪੂਰਤੀ ਹੋ ਜਾਵੇਗੀ, ਉੱਥੇ ਜਾਦੂ ਦੀ ਭਾਵਨਾ ਕੰਮ ਕਰਦੀ ਹੈ ਅਤੇ ਜਿੱਥੇ ਕੋਈ ਰੀਤ ਆਪਣੇ ਇਸ਼ਟ ਦੀ ਬõਸ਼ਿਸ਼ ਦੀ ਪ੍ਰਾਪਤੀ ਲਈ ਕੀਤੀ ਜਾਵੇ, ਉਥੇ ਧਰਮ ਦੀ ਭਾਵਨਾ ਹੁੰਦੀ ਹੈ।''[5]

ਬੇਦੀ ਦੀਆਂ ਲਿਖਤਾਂ ਵਿੱਚ ਲੋਕ ਧਰਮ ਸੰਬੰਧੀ ਇਹ ਧਾਰਨਾ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਲੋਕ ਧਰਮ ਦਾ ਦਰਸ਼ਨ ਜਾਦੂ ਚਿੰਤਨ ਹੈ। ਜਾਦੂ ਚਿੰਤਨ ਦੀਆਂ ਰੂੜ੍ਹੀਆਂ ਹੀ ਲੋਕ ਧਰਮ ਦੀਆਂ ਪੂਜਾ ਵਿਧੀਆਂ ਨਿਰਧਾਰਿਤ ਕਰਦੀਆਂ ਹਨ। ਜਾਦੂ ਚਿੰਤਨ ਦੀ ਪ੍ਰਕਿਰਤੀ ਨੂੰ ਕਾਬੂ ਕਰ ਸਕਣ ਦੀ ਵਿਫਲਤਾ ਵਿਚੋਂ ਵਸ਼ਿਸ਼ਟ ਧਰਮ ਦਾ ਸੰਕਲਪ ਉਪਜਿਆ, ਲੋਕ ਧਰਮ ਇਸ ਯਾਤਰਾ ਦਾ ਇਕ ਵਿਚਕਾਰਲਾ ਪੜਾਅ ਹੈ। ਵਸ਼ਿਸ਼ਟ ਧਰਮ ਵੀ ਜਾਦੂ ਚਿੰਤਨ ਅਤੇ ਲੋਕ ਧਰਮ ਦੀਆਂ ਰੂੜ੍ਹੀਆਂ ਨੂੰ ਆਪਣੇ ਵਿਚ ਸੰਜੋ ਕੇ ਆਪਣਾ ਸਰੂਪ ਗ੍ਰਹਿਣ ਕਰਦਾ ਹੈ। ਇਸ ਪ੍ਰਕਾਰ ਬੇਦੀ ਨੇ ਜਾਦੂ ਚਿੰਤਨ ਨੂੰ ਲੋਕਧਾਰਾਈ ਸਮੱਗਰੀ ਦੀ ਸਿਰਜਣਾ, ਇਸਦਾ ਨਿਭਾਅ, ਸਵੀਕ੍ਰਿਤੀ ਅਤੇ ਇਸਦੇ ਮਾਨਵ ਸੰਸਕ੍ਰਿਤੀ ਦੀ ਮੁਢਲੀ ਅਵਸਥਾ ਦੌਰਾਨ ਸਥਿਰਤਾ ਪ੍ਰਦਾਨ ਕਰਨ ਦੀ ਇਕ ਜੁਗਤ ਵਜੋਂ ਇਸਦਾ ਅਧਿਐਨ ਪ੍ਰਸਤੁਤ ਕੀਤਾ।

ਇਸ ਤੋਂ ਅਗਾਂਹ ਬੇਦੀ ਦੇ ਅਧਿਐਨ ਅਤੇ ਵਿਸ਼ਲੇਸ਼ਣ ਦਾ ਕੇਂਦਰ ਉਹ ਸੋਮਾ ਬਣਦਾ ਹੈ ਜਿਹੜਾ ਜਾਦੂ ਚਿੰਤਨ ਦੀਆਂ ਰੂੜ੍ਹੀਆਂ ਨੂੰ ਸਿਰਜਦਾ, ਇਹਨਾਂ ਵਿੱਚ ਆਸਥਾ ਰੱਖਦਾ ਅਤੇ ਪਰੰਪਰਕ ਤੌਰ ਤੇ ਇਹਨਾਂ ਨੂੰ ਨਿਭਾਉਂਦਾ ਹੈ। ਇਸ ਪ੍ਰਕਾਰ ਬੇਦੀ ਨੇ ਪਹਿਲੀ ਵਾਰ ਪੰਜਾਬੀ ਲੋਕਧਾਰਾ ਅਧਿਐਨ ਖੇਤਰ ਵਿੱਚ ਲੋਕਧਾਰਾਈ ਸਮੱਗਰੀ ਦੇ ਸਿਰਜਣ ਬਿੰਦੂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਦਿਆਂ 'ਲੋਕ ਮਨ' ਦਾ ਸੰਕਲਪ ਦਿੱਤਾ। ਲੋਕਧਾਰਾ ਦੀ ਸਮੱਗਰੀ ਵਿਚਲੀ ਵਚਿੱਤਰਤਾ, ਅਲੌਕਿਕ ਅਤੇ ਰਹੱਸਮਈ ਅੰਸ਼ ਲੋਕ ਮਨ ਸਦਕਾ ਹੀ ਹੈ। ਪਰੰਪਰਾਗਤ ਰੂੜ੍ਹੀਆਂ ਅਤੇ ਪ੍ਰਵਿਰਤੀਆਂ ਦੀ ਸਿਰਜਣ ਭੂਮੀ ਲੋਕ ਮਨ ਹੀ ਹੈ, ਲੋਕਮਨ ਦੀ ਪ੍ਰਕਿਰਤੀ ਸੰਬੰਧੀ ਬੇਦੀ ਲਿਖਦਾ ਹੈ ਕਿ

''ਲੋਕ ਮਨ ਇੱਕ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕ ਸਥਿਤੀ ਹੈ, ਜਿਸ ਵਿੱਚ ਮਨੁੱਖ ਸਹਿਜਰੂਪ ਵਿੱਚ ਆਦਿਮ ਮਾਨਵ ਦੀ ਮਨੋ ਅਵਸਥਾ ਨਾਲ ਇਕਰੂਪ ਹੁੰਦਾ ਹੈ, ਜੋ ਉਸਨੂੰ ਪਰੰਪਰਾ ਵਿੱਚ ਮਿਲੀ। ਇਸ ਮਨੋਸਥਿਤੀ ਵਿੱਚ ਉਹ ਆਦਿਮ ਮਾਨਵ ਵਾਂਗ ਹੀ ਸੋਚਦਾ, ਮਹਿਸੂਸਦਾ ਅਤੇ ਛਿਣ ਭਰ ਲਈ ਉਸ ਪ੍ਰਕਾਰ ਦੀਆਂ ਪ੍ਰਵਿਰਤੀਆਂ ਗ੍ਰਹਿਣ ਕਰ ਲੈਂਦਾ ਹੈ।''[6]

ਬੇਦੀ ਲੋਕ ਮਨ ਦੇ ਸੰਕਲਪ ਨੂੰ ਸਿੱਧੇ ਰੂਪ ਵਿਚ ਸੰਕਲਪ ''ਸਮੂਹਿਕ ਅਵਚੇਤਨ'' (Collective Unconscious) ਦੀ ਭਾਵਨਾ ਵਿੱਚ ਗ੍ਰਹਿਣ ਕਰਦਾ ਹੈ। ਇਹ ਸੰਕਲਪ ਬੇਦੀ ਨੇ ਮਨੋਵਿਗਿਆਨ ਤੋਂ ਗ੍ਰਹਿਣ ਕੀਤਾ। ਬੇਦੀ ਆਪਣੀਆਂ ਲਿਖਤਾਂ ਵਿੱਚ ਮਨੋਵਿਗਿਆਨੀ ਕਾਰਲ ਗੁਸਤਾਵ ਜੁੰਗ (Carl Gustav Jung) ਦੇ ਹਵਾਲੇ ਨਾਲ ਸਮੂਹਕ ਅਵਚੇਤਨ ਅਤੇ ਲੋਕ ਮਨ ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕਰਦਾ ਹੈ। ਕਈ ਥਾਈਂ ਇਸ ਸੰਕਲਪ ਲਈ ਉਹ ਆਪਣੀ ਸਿਰਜਣਾਤਮਕ ਸ਼ੈਲੀ ਅਨੁਰੂਪ''ਸਮੂਹਿਕ ਚਿੱਤ''ਸ਼ਬਦ ਦਾ ਇਸਤੇਮਾਲ ਵੀ ਕਰਦਾ ਹੈ। ਜੁੰਗ ਨੇ ਸਿਗਮੰਡ ਫਰਾਇਡ (Sigmund Freud) ਦੀਆਂ ਧਾਰਨਾਵਾਂ ਨੂੰ ਵਿਸਤਾਰਦਿਆਂ ਆਪਣੇ ਸਭ ਤੋਂ ਮਹੱਤਵਪੂਰਨ ਸੰਕਲਪ 'ਲੋਕ ਮਨ' (Folk Mind) ਦੀ ਪੁਸ਼ਟੀ ਕੀਤੀ। ਸਮੂਹਕ ਅਵਚੇਤਨ ਦੀ ਪ੍ਰਕਿਰਤੀ ਸੰਬੰਧੀ ਜੁੰਗ ਲਿਖਦਾ ਹੈ ਕਿ ''ਨਿੱਜੀ ਅਵਚੇਤਨ ਤੱਤਾਂ ਤੋਂ ਬਿਨਾ ਕੁੱਝ ਹੋਰ ਤੱਤ ਵੀ ਹੁੰਦੇ ਹਨ ਜਿਹੜੇ ਸੰਭਾਵਨਾ ਜਾਂ ਵਿਰਾਸਤੀ ਦਿਮਾਗੀ ਸੰਰਚਨਾ ਵਿੱਚ ਨਿਹਿਤ ਹੁੰਦੇ ਹਨ। ਇਹ ਮਿੱਥਕ ਸੁਭਾ ਵਾਲੇ ਹੁੰਦੇ ਹਨ, ਇਹ ਪ੍ਰੇਰਕ ਅਤੇ ਬਿੰਬ ਬਿਨਾਂ ਕਿਸੇ ਇਤਿਹਾਸਕ ਪਰੰਪਰਾ ਅਤੇ ਪਰਵਾਸ ਦੇ, ਨਵੇਂ ਰੂਪ ਵਿੱਚ ਪ੍ਰਗਟ ਹੋ ਸਕਦੇ ਹਨ। ਇਹਨਾਂ ਤੱਤਾਂ ਨੂੰ ਹੀ ਸਮੂਹਕ ਅਵਚੇਤਨ ਕਿਹਾ ਜਾਂਦਾ ਹੈ।''[7]

ਬੇਦੀ ਨੇ ਸਮੂਹਿਕ ਅਵਚੇਤਨ ਦੇ ਇਹਨਾਂ ਮਿੱਥਕ ਤੱਤਾਂ ਨੂੰ ਆਦਿਮ ਮਨ ਦੇ ਸੰਕਲਪ ਦੁਆਰਾ ਸਮਝਣ ਦਾ ਯਤਨ ਕੀਤਾ। ਮਾਨਵ ਵਿਗਿਆਨੀਆ (Anthropologists) ਦੀ ਇਹ ਧਾਰਨਾ ਹੈ ਕਿ ਸਮੂਹ ਮਾਨਵਤਾ ਦਾ ਵਿਕਾਸ ਕ੍ਰਮ ਇਕੋ ਜਿਹਾ ਰਿਹਾ ਹੈ ਅਤੇ ਸਮੂਹ ਮਾਨਵਤਾ ਆਦਿਮ ਅਵਸਥਾ ਵੇਲੇ ਦੇ ਕੁੱਝ ਸੰਸਕਾਰਾਂ ਨੂੰ ਸੰਜੋ ਕੇ ਰੱਖਣ ਦੀ ਸਾਂਝ ਕਾਰਨ ਇਕ ਸਮਾਨ ਸਾਂਝੇ ਸਮੂਹਕ ਅਵਚੇਤਨ ਦੀ ਧਾਰਨੀ ਹੈ। ਇਸਨੂੰ ਇਸ ਪ੍ਰਕਾਰ ਵੀ ਕਿਹਾ ਜਾ ਸਕਦਾ ਹੈ ਕਿ ਸਾਰੀ ਮਾਨਵਤਾ ਵਿੱਚ ਆਦਿਮ ਮਨ

ਦੀ ਇੱਕ ਸਮੂਹਿਕ ਸਾਂਝ ਹੈ। ਇਹ ਸਾਂਝ ਸਮੂਹਿਕ ਅਵਚੇਤਨ ਦੀਆਂ ਪ੍ਰਵਿਰਤੀਆਂ ਅਤੇ ਸੰਚਿਤ ਸਮੱਗਰੀ ਦੇ ਆਧਾਰ ’ਤੇ ਪ੍ਰਵਾਨ ਕੀਤੀ ਜਾਂਦੀ ਹੈ ਇਹਨਾਂ ਤੱਥਾਂ ਦੇ ਆਧਾਰ ’ਤੇ ਹੀ ਬੇਦੀ ਲੋਕ ਮਨ ਦੀ ਪ੍ਰਕਿਰਤੀ ਸੰਬੰਧੀ ਲਿਖਦਾ ਹੈ ਕਿ ‘‘ਆਦਿਮ ਮਨ ਪਰੰਪਰਾਗਤ ਰੂੜ੍ਹੀਆਂ ਅਤੇ ਪ੍ਰਵਿਰਤੀਆਂ ਦੇ ਰੂਪ ਵਿਚ ਸਾਨੂੰ ਵਿਰਸੇ ਵਿੱਚ ਮਿਲਦਾ ਹੈ। ਜਿਤਨਾ ਵੀ ਕੋਈ ਪ੍ਰਾਣੀ ਪਰੰਪਰਾ ਨਾਲ ਵਧੇਰੇ ਬੱਝਾ ਹੋਵੇਗਾ, ਉਤਨੇ ਹੀ ਬਲਵਾਨ ਰੂਪ ਵਿੱਚ ਇਹ ਮਨ ਉਸ ਵਿੱਚ ਸਜੀਵ ਹੋਵੇਗਾ। ਇਹ ਮਨ ਸਾਡੇ ਅਵਚੇਤਨ ਵਿੱਚ ਸਹਿਜ ਰੂਪ ਵਿੱਚ ਲੀਨ ਰਹਿੰਦਾ ਹੈ ਅਤੇ ਸੁਤੇ ਸਿਧ ਮਨੁੱਖ ਦੇ ਵਿਅਕਤਿਤਵ, ਸੋਚ ਅਤੇ ਪ੍ਰਕ੍ਰਿਆ ਵਿੱਚ ਆਰਪਾਰ ਫੈਲਿਆ ਰਹਿੰਦਾ ਹੈ।’’[8]

ਬੇਦੀ ਲੋਕ ਮਨ ਦੇ ਸੰਕਲਪ ਨੂੰ ਮਨੁੱਖੀ ਅਵਚੇਤਨ ਦੀ ਉਸ ਸਥਿਤੀ ਦੇ ਸੰਦਰਭ ਵਿੱਚ ਪਰਿਭਾਸ਼ਿਤ ਕਰਦਾ ਹੈ, ਜਿੱਥੇ ਆਦਿਮ ਮਾਨਵ ਦੇ ਅਨੁਭਵ ਬਿੰਬਾਂ ਦੇ ਰੂਪ ਵਿੱਚ ਸੰਚਿਤ ਅਤੇ ਸੰਕਲਿਤ ਹਨ ਅਤੇ ਇਹ ਆਦਿਮ ਅਵਸਥਾ ਤੋਂ ਹੌਲੀ-ਹੌਲੀ ਆਧੁਨਿਕ ਮਾਨਵ ਦੇ ਵਿਕਾਸ ਨਾਲ ਮੰਦ ਹੋ ਕੇ ਸਾਡੇ ਅਵਚੇਤਨ ਵਿਚ ਸਥਿਰ ਹੋ ਗਏ ਹਨ ਅਤੇ ਹੁਣ ਇਹ ਮਾਨਵਤਾ ਦੇ ਸਮੂਹਿਕ ਅਵਚੇਤਨ ਦਾ ਅੰਗ ਹਨ। ਇਹ ਮਾਨਵ ਦੇ ਮਨ ਦਾ ਅਜਿਹਾ ਪਸਾਰ ਹੈ ਜਿਹੜਾ ਕਿ ਬੌਧਿਕ ਉਨਤੀ ਦੀ ਸਿਖਰ ਛੋਹਣ ਦੇ ਬਾਵਜੂਦ ਵੀ ਆਪਣੀ ਸਮੱਗਰੀ ਜਾਂ ਅਭਿਵਿਅਕਤੀ ਦੁਆਰਾ ਸੁਪਨਿਆ, ਰਹੱਸਮਈ ਕਲਪਨਾਵਾਂ, ਧਰਮ ਚਿੰਤਨ, ਅਲੌਕਿਕ ਵਰਤਾਰਿਆਂ ਅਤੇ ਵਚਿੱਤਰਤਾ ਪ੍ਰਤਿ ਮਾਨਵ ਦੀ ਡੂੰਘੀ ਜਗਿਆਸਾ ਦੀ ਰੁਚੀ ਦੇ ਰੂਪ ਵਿਚ ਆਪਣਾ ਪ੍ਰਦਰਸ਼ਨ ਕਰਦਾ ਰਹਿੰਦਾ ਹੈ। ਜਿਹਨਾਂ ਸਮਾਜਾਂ ਵਿਚ ਵਿਗਿਆਨਕ ਚਿੰਤਨ ਦਾ ਅਭਾਵ ਹੈ, ਅਜਿਹੇ ਸਮਾਜਾਂ ਵਿੱਚ ਲੋਕ ਮਨ ਆਪਣੀ ਸ਼ਕਤੀਸ਼ਾਲੀ ਹੋਂਦ ਦਾ ਪ੍ਰਦਰਸ਼ਨ ਕਰਦਾ ਹੈ। ਲੋਕ ਮਨ ਸਮੂਹਿਕ ਆਸਥਾ ਤੋਂ ਆਪਣੀ ਸ਼ਕਤੀ ਗ੍ਰਹਿਣ ਕਰਦਾ ਹੈ। ਬੇਦੀ ਲੋਕ ਮਨ ਨੂੰ ‘‘ਸਮੂਹਿਕ ਚਿੱਤ’’ ਵੀ ਆਖਦਾ ਹੈ। ਬੇਦੀ ਅਨੁਸਾਰ ‘‘ਲੋਕ ਸੰਸਕ੍ਰਿਤੀ ਦੀ ਹਰ ਮਾਨਸਿਕ ਅਤੇ ਭੌਤਿਕ ਪ੍ਰਕ੍ਰਿਆ ਦੇ ਵੇਗ ਦਾ ਮੂਲ ਸ੍ਰੋਤ ਸਮੂਹਿਕ ਚਿੱਤ ਹੁੰਦਾ ਹੈ। ਇਸ ਸਮੂਹਿਕ ਚਿੱਤ ਨੂੰ ਹੀ ਲੋਕ ਮਨ ਕਿਹਾ ਜਾਂਦਾ ਹੈ।’’[9]

ਇਸ ਪ੍ਰਕਾਰ ਬੇਦੀ ਲੋਕ ਮਨ ਦੇ ਸੰਕਲਪ ਦੁਆਰਾ ਇਹ ਧਾਰਨਾ ਦਿੰਦਾ ਹੈ ਕਿ ਲੋਕਮਨ ਹੀ ਚੇਤਨਾ ਦਾ ਅਜਿਹਾ ਪੱਧਰ ਹੈ ਜਿਥੇ ਜਾਦੂ ਚਿੰਤਨ ਦੀਆਂ ਰੂੜ੍ਹੀਆਂ ਪੈਦਾ ਹੁੰਦੀਆਂ ਹਨ ਅਤੇ ਇਸ ਚਿੰਤਨ ਨੂੰ ਭੌਤਿਕ ਜਗਤ ਦੀ ਇੱਕ ਸੱਚਾਈ ਦੇ ਰੂਪ ਵਿੱਚ ਗਹਿਨ ਆਸਥਾ ਨਾਲ ਸਵੀਕਾਰ ਕਰਕੇ ਨਿਭਾਇਆ ਜਾਂਦਾ ਹੈ। ਲੋਕ ਮਨ ਹੀ ਉਹ ਸੋਮਾ ਹੈ ਜਿਹੜਾ ਭੌਤਿਕ ਜਗਤ ਨੂੰ ਰਹੱਸ ਅਤੇ ਵਚਿਤਰਤਾ ਪ੍ਰਦਾਨ ਕਰਦਾ ਹੈ। ਲੋਕ ਮਨ ਹੀ ਲੋਕਧਾਰਾਈ ਸਮੱਗਰੀ ਦੀ ਵਿਸ਼ੇਸ਼ ਭਾਂਤ ਦੀ ਪ੍ਰਕਿਰਤੀ ਨਿਰਧਾਰਤ ਕਰਨ ਵਾਲੀਆਂ ਰੂੜ੍ਹੀਆਂ ਦੀ ਸਿਰਜਣ ਭੂਮੀ ਹੈ।

ਇਸੇ ਕ੍ਰਮ ਵਿੱਚ ਬੇਦੀ ਦਾ ਇੱਕ ਹੋਰ ਮਹੱਤਵਪੂਰਨ ਸੰਕਲਪ ਜੀਵਵਾਦ ਜਾਂ ਸਰਵਚੇਤਨਵਾਦ (Animism) ਦਾ ਸੰਕਲਪ ਹੈ। ਬੇਦੀ ਨੇ ਇਹ ਸੰਕਲਪ ਥ।ਨ। ੳਖ;ਰਗਦੀ ਵਿਸ਼ਵ ਪ੍ਰਸਿੱਧ ਪੁਸਤਕਸ਼ਗਜਠਜਵਜਡਕ ਙਚ;ਵਚਗਕ ਵਿਚਲੀਆਂ ਧਾਰਨਾਵਾਂ ਤੋਂ ਪ੍ਰਾਪਤ ਕੀਤਾ। ਟਾਈਲਰ ਅਨੁਸਾਰ ‘‘ਸ਼ਬਦ.ਅਜਠਜਤਠ ਜਿਸਦਾ ਅਨੁਵਾਦ ਅਸੀਂ ਸਰਵਚੇਤਨਵਾਦ ਜਾਂ ਜੀਵਵਾਦ ਦੇ ਪਦ ਦੇ ਰੂਪ ਵਿਚ ਕਰਦੇ ਹਾਂ, ਲੈਟਿਨ ਭਾਸ਼ਾ ਦੇ ਸ਼ਬਦ ‘ਅਜਠ.’ ਤੋਂ ਬਣਿਆ ਹੈ। ਜਿਸਦਾ ਅਰਥ ਹੁੰਦਾ ਹੈ ਨਿੱਜੀ ਆਤਮਾ।[10]

ਟਾਈਲਰ ਦੀ ਇਸ ਧਾਰਨਾ ਅਨੁਸਾਰ ਆਦਿਮ ਮਾਨਵ ਨੇ ਜਦ ਸੁਪਨਿਆਂ ਦੇ ਅਨੁਭਵ ਨੂੰ ਸਮਝਣ ਦਾ ਯਤਨ ਕੀਤਾ ਤਾਂ ਉਹ ਇਸ ਸਿੱਟੇ ਤੇ ਅੱਪੜਿਆ ਕਿ ਸੁਪਨ ਅਵਸਥਾ ਵਿੱਚ ਉਹ ਦਿਸਦੇ ਭੌਤਿਕ ਜਗਤ ਦੇ ਆਤਮ ਤੱਤ ਦਾ ਅਨੁਭਵ ਗ੍ਰਹਿਣ ਕਰ ਰਿਹਾ ਹੈ। ਇਹ ਵਿਚਾਰ ਉਸਨੇ ਜੜ੍ਹ ਅਤੇ ਚੇਤਨ ਦੋਵੇਂ ਭੌਤਿਕ ਅਵਸਥਾਵਾਂ ਤੇ ਸਮਾਨ ਰੂਪ ਵਿੱਚ ਲਾਗੂ ਕੀਤਾ। ਇਸ ਪ੍ਰਕਾਰ ਆਦਿਮ ਮਾਨਵ ਹਰ ਜੜ੍ਹ ਅਤੇ ਚੇਤਨ ਵਸਤੂ ਵਿੱਚ ਆਤਮ ਤੱਤ ਦਾ ਅਨੁਭਵ ਕਰਨ ਲੱਗਾ। ਇਸੇ ਆਦਿਮ ਚਿੰਤਨ ਦ੍ਰਿਸ਼ਟੀ ਨੂੰ ਜੀਵਵਾਦ ਜਾਂ ਸਰਵਚੇਤਨਵਾਦ (Animism) ਕਿਹਾ ਜਾਂਦਾ ਹੈ। ਇਸੇ ਚਿੰਤਨ ਨੂੰ ਆਧਾਰ ਬਣਾ ਕੇ ਬੇਦੀ ਲੋਕ ਧਰਮ ਅਤੇ ਵਸ਼ਿਸ਼ਟ ਧਰਮ ਸੰਬੰਧੀ ਆਪਣੀ ਧਾਰਨਾ ਦਿੰਦਾ ਹੈ ਕਿ ‘‘ਸਰਵਚੇਤਨਵਾਦ ਹੀ ਸਭ ਧਰਮਾਂ ਦਾ ਮੂਲ ਹੈ। ਸਭ ਦੇਵੀ ਦੇਵਤਿਆਂ ਦਾ ਮੁੱਢ ਇਸੇ ਸੰਕਲਪ ਤੋਂ ਬੱਝਿਆ। ਇਸ ਸਿਧਾਂਤ ਨੇ ਸੰਸਾਰ ਵਿੱਚ ਬਿਖਰੀ ਹਰ ਵਸਤੂ, ਜੜ, ਨਿਰਜੀਵ, ਸੂਖਮ, ਨਿਰਾਕਾਰੀ ਦਾ ਮਾਨਵੀਕਰਣ ਕੀਤਾ, ਜਿਨ੍ਹਾਂ ਦਾ ਮਗਰੋਂ ਦੈਵੀਕਰਨ ਹੋ ਗਿਆ। ਹਿੰਦੂਆਂ ਦੇ 22 ਕਰੋੜ ਦਿਉਤੇ ਇਸੇ ਸਰਵਚੇਤਨਵਾਦ ਦੀ ਅਵਸਥਾ ਸਮੇਂ ਹਰ ਵਸਤੂ ਦੇ ਦੈਵੀਕਰਨ ਵੱਲ ਸੰਕੇਤ ਕਰਦੇ ਹਨ।’’[10]

ਡਾ. ਬੇਦੀ ਪੰਜਾਬੀ ਸਾਹਿਤ ਦੇ ਲੋਕਧਾਰਾਈ ਆਧਾਰਾਂ ਦੀ ਨਿਸ਼ਾਨਦੇਹੀ ਕਰਨ ਵਾਲਾ ਪਹਿਲਾ ਮਹੱਤਵਪੂਰਨ ਸਮਾਜ ਵਿਗਿਆਨੀ ਹੈ। ਵਿਸ਼ੇਸ਼ ਤੌਰ ’ਤੇ ਮਧਕਾਲੀਨ ਕਥਾ ਸੰਸਾਰ ਨੂੰ ਲੋਕਧਾਰਾਈ ਸਮੱਗਰੀ ਨਾਲੋਂ ਨਿਖੇੜ ਕੇ ਅਧਿਐਨ ਕਰਨ ਦੀ ਪ੍ਰਵਿਰਤੀ ਨੂੰ ਬੇਦੀ ਮੂਲੋਂ ਨਕਾਰ ਦਿੰਦਾ ਹੈ। ਉਸਨੇ ਮਧਕਾਲੀਨ ਕਥਾ ਪਰੰਪਰਾ ਨੂੰ ਕਥਾਨਿਕ ਰੂੜ੍ਹੀਆਂ ਅਤੇ ਰੂੜ੍ਹ ਕਥਾਵਾਂ ਦੀ ਅਧਿਐਨ ਵਿਧੀ ਦੁਆਰਾ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਦਾ ਵਿਗਿਆਨਕ ਚਿੰਤਨ ਉਸਾਰਿਆ। ਬੇਦੀ ਨੇ ਮਧਕਾਲੀਨ ਕਥਾ ਪਰੰਪਰਾ ਦੇ ਅਧਿਐਨ ਲਈ ਉਪਰੋਕਤ ਦੋਹਾਂ ਪ੍ਰਣਾਲੀਆਂ ਦੀ ਵਰਤੋਂ ਕੀਤੀ। ਕਿਉਂਕਿ ਪੰਜਾਬੀ ਕਥਾ ਪਰੰਪਰਾ ਵਿੱਚ ਹੜੱਪਾ

ਸਭਿਅਤਾ ਦੀਆਂ ਰੂੜ੍ਹੀਆਂ ਤੋਂ ਲੈ ਕੇ, ਪੁਰਾਣ ਧਾਰਾ, ਬੋਧ ਅਵਦਾਨ, ਯੂਨਾਨੀ, ਸੈਮਟਿਕ ਪ੍ਰਭਾਵ ਅਤੇ ਵਿੱਚ ਸਿੱਖ ਸਭਿਆਚਾਰਕ ਅਤੇ ਰਾਜਨੀਤਕ ਕ੍ਰਾਂਤੀ ਨੇ ਵੀ ਇਸ ਖਿੱਤੇ ਵਿੱਚ ਬਹੁਤ ਸਾਰੀਆਂ ਕਥਾਨਿਕ ਰੂੜ੍ਹੀਆਂ ਅਤੇ ਰੂੜ੍ਹ ਕਥਾਵਾਂ ਦਾ ਚਲਨ ਕੀਤਾ। ਇਹ ਸ੍ਰੋਤ ਇੰਨੇ ਵਿਵਿਧ ਹਨ ਕਿ ਰੂੜ੍ਹ ਕਥਾ ਪ੍ਰਣਾਲੀ ਅਤੇ ਕਥਾਨਿਕ ਰੂੜ੍ਹੀ ਪ੍ਰਣਾਲੀ ਦੋਵੇਂ ਸਿਧਾਂਤਾ ਅਨੁਸਾਰ ਹੀ ਮਧਕਾਲੀ ਪੰਜਾਬੀ ਕਥਾ ਪਰੰਪਰਾ ਦੀ ਪ੍ਰਕਿਰਤੀ ਅਤੇ ਸਿਰਜਣ ਪ੍ਰਕ੍ਰਿਆ ਅਤੇ ਇਹਨਾਂ ਕਥਾਵਾਂ ਦੇ ਵਿਸ਼ੇਸ਼ ਸੁਭਾਅ ਦਾ ਅਧਿਐਨ ਕੀਤਾ ਜਾ ਸਕਦਾ ਹੈ।

ਆਪਣੀ ਅਧਿਐਨ ਵਿਧੀ ਸੰਬੰਧੀ ਡਾ. ਬੇਦੀ ਲਿਖਦੇ ਹਨ ‘‘ਲੋਕ ਕਥਾਵਾਂ ਦੇ ਅਧਿਐਨ ਲਈ ਦੋਵੇਂ ਪ੍ਰਣਾਲੀਆਂ ਪ੍ਰਚਲਿਤ ਹਨ। ਰੂੜ੍ਹ ਕਥਾ ਪ੍ਰਣਾਲੀ ਵਿੱਚ ਕਿਸੇ ਕਥਾ ਦੇ ਅਨੇਕਾਂ ਰੂਪਾਂਤਰ ਇਕੱਠੇ ਕਰਕੇ ਉਸਦੇ ਮੂਲ ਰੂਪ ਨੂੰ ਨਿਖੇੜਿਆ ਜਾਂਦਾ ਹੈ। ਇਹ ਪ੍ਰਣਾਲੀ ਕਿਸੇ ਇੱਕ ਦੇਸ਼ ਦੀਆਂ ਕਥਾਵਾਂ ਦੇ ਤੁਲਨਾਤਮਕ ਅਧਿਐਨ ਵਿੱਚ ਬੜੀ ਲਾਭਦਾਇਕ ਸਿੱਧ ਹੋ ਸਕਦੀ ਹੈ। ਸੰਸਾਰ ਭਰ ਦੀਆਂ ਕਥਾਵਾਂ ਦੇ ਸਮੁੱਚੇ ਅਧਿਐਨ ਲਈ ਇਹ ਪ੍ਰਣਾਲੀ ਨਹੀਂ ਚੱਲ ਸਕਦੀ। ਇਸ ਲਈ ਵਿਸ਼ਵ ਕਥਾਵਾਂ ਦੇ ਸਮੁੱਚੇ ਅਧਿਐਨ ਦਾ ਆਧਾਰ ਕਥਾਨਕ ਰੂੜ੍ਹੀਆਂ ਦੀ ਪ੍ਰਣਾਲੀ ਨੂੰ ਹੀ ਬਣਾਇਆ ਜਾਦਾ ਹੈ। ਰੂੜ੍ਹ ਕਥਾਵਾਂ ਦਾ ਨਿਰਮਾਣ ਵੀ ਕਥਾਨਿਕ ਰੂੜ੍ਹੀਆਂ ਦੇ ਸੰਯੋਗ ਤੋਂ ਹੁੰਦਾ ਹੈ, ਇਸ ਲਈ ਕਥਾਨਿਕ ਰੂੜ੍ਹੀਆਂ ਦੀ ਪ੍ਰਣਾਲੀ ਵਿੱਚ ਸੁਤੇ ਸਿੱਧ ਅੰਗ ਰੂਪ ਵਿੱਚ ਰੂੜ੍ਹ ਕਥਾਵਾਂ ਸਮਾਂ ਜਾਂਦੀਆਂ ਹਨ। ਇਸੇ ਲਈ ਇਹੋ ਪ੍ਰਣਾਲੀ ਵਧੇਰੇ ਪ੍ਰਮਾਣਿਕ ਮੰਨੀ ਜਾਂਦੀ ਹੈ।’’[11]

ਸਭ ਤੋਂ ਪਹਿਲਾਂ ਕਥਾ ਪਰੰਪਰਾ ਵਿੱਚ ਪ੍ਰਾਪਤ ਕਥਾਨਿਕ ਰੂੜ੍ਹੀਆਂ ਦੇ ਆਧਾਰ ’ਤੇ ਬੇਦੀ ਹੜੱਪਾ ਸਭਿਅਤਾ ਦੀ ਖੁਦਾਈ ਤੋਂ ਪ੍ਰਾਪਤ ਸਮੱਗਰੀ ਦੇ ਆਧਾਰ ਤੇ ਪੰਜਾਬੀ ਕਥਾ ਵਿੱਚ ਮਿਲਦੀਆਂ ਹੜੱਪਾ ਸਭਿਅਤਾ ਦੀਆਂ ਕਥਾਨਿਕ ਰੂੜ੍ਹੀਆ ਦੀ ਨਿਸ਼ਾਨਦੇਹੀ ਕਰਦਾ ਹੈ। ਹੜੱਪਾ ਕਾਲ ਦੀ ਸਮੱਗਰੀ ਤੋਂ ਪ੍ਰਾਪਤ ਹੁੰਦੀਆਂ ਕਥਾਨਿਕ ਰੂੜ੍ਹੀਆਂ ਦੀ ਪ੍ਰਕਿਰਤੀ ਅਤੇ ਕਥਾ ਦੇ ਵਿਕਾਸ ਸੰਬੰਧੀ ਬੇਦੀ ਲਿਖਦਾ ਹੈ ਕਿ ‘‘ਠੀਕਰ ਮੁਹਰਾਂ ਅਤੇ ਕੁੰਭਾਂ ਉਪਰ ਅੰਕਿਤ ਕਥਾਨਿਕ ਰੂੜ੍ਹੀਆ ਅਤੇ ਮੋਟਿਫ ਇਸ ਗੱਲ ਦਾ ਪ੍ਰਮਾਣ ਹਨ ਕਿ ਕਹਾਣੀ ਉਦੋਂ ਬਾਲ ਅਵਸਥਾ ਵਿਚੋਂ ਲੰਘ ਕੇ ਕਿਸ਼ੋਰ ਅਵਸਥਾ ਵਿੱਚ ਪੁੱਜ ਚੁੱਕੀ ਸੀ। ਮੁਹਰਾਂ ਉਪਰ ਜਟਿਲ ਚਿਤ੍ਰ ਕਿਸੇ ਜੀਵਨ ਦ੍ਰਿਸ਼ਟਮਾਨ ਦੀ ਥਾਂ ਕਿਸੇ ਕਥਾ ਪਰਪੰਚ ਦੇ ਚਿਤ੍ਰ ਪਰਤੀਤ ਹੁੰਦੇ ਹਨ।’’[12]

ਹੜੱਪਾ ਕਾਲ ਦੀਆਂ ਮਿਥਕ ਕਥਾਨਿਕ ਰੂੜ੍ਹੀਆਂ ਬੇਦੀ ਅਨੁਸਾਰ ਕਥਾ ਦੇ ਪ੍ਰਾਚੀਨਤਮ ਰੂਪ ‘ਮਿੱਥ’ ਦੀਆਂ ਸੂਚਕ ਹਨ। ਹੜੱਪਾ ਸਭਿਅਤਾ ਦੀ ਮਿਥਕ ਭਾਂਤ ਦੀ ਚੇਤਨਾ ਤੋਂ ਬਾਅਦ ਬੇਦੀ ਆਰੀਆਈ ਪਰੰਪਰਾ ਸੰਬੰਧੀ ਚਰਚਾ ਕਰਦਾ ਹੈ। ਆਰੀਆਈ ਸਮੂਹਾਂ ਨੇ ਪੰਜਾਬੀ ਕਥਾ ਪਰੰਪਰਾ ਨੂੰ ਵਿਲੱਖਣ ਰੂੜ੍ਹੀਆ ਪ੍ਰਦਾਨ ਕੀਤੀਆਂ। ਬੇਦੀ ਰਿਗਵੇਦ ਨੂੰ ਪੰਜਾਬੀਆਂ ਦਾ ਸਾਂਸਕ੍ਰਿਤਕ ਵਿਰਸਾ ਦੱਸਦਾ ਹੈ ਅਤੇ ਹੜੱਪਾ ਸਭਿਅਤਾ ਅਤੇ ਆਰੀਅਨ ਕਥਾ ਪਰੰਪਰਾ ਦੀ ਇਕਾਗਰਤਾ ਨੂੰ ਵੀ ਸਵੀਕਾਰ ਕਰਦਾ ਹੈ। ਹੜੱਪਾ ਸਭਿਅਤਾ ਦੀਆਂ ਕਥਾਨਿਕ ਰੂੜ੍ਹੀਆਂ ਦਾ ਆਰੀਅਨ ਰੂੜ੍ਹੀਆਂ ’ਤੇ ਪ੍ਰਭਾਵ ਦੀ ਪ੍ਰਕ੍ਰਿਆ ਸੰਬੰਧੀ ਬੇਦੀ ‘ਨਰ ਸਿੰਘ’ ਦੇ ਪਾਤਰ ਦੀ ਉਦਾਹਰਨ ਦਿੰਦੇ ਲਿਖਦਾ ਹੈ ਕਿ ‘‘ਜਿਵੇਂ ਨਰਸਿੰਘ ਪਾਤਰ ਜਿਸਦਾ ਧੜ ਸ਼ੇਰ ਦਾ ਅਤੇ ਮੁਖ, ਮਾਨਵ ਦਾ ਹੈ ਅਤੇ ਹੜੱਪਾ ਠੀਕਰ ਮੁਹਰਾਂ ਉਤੇ ਮਿਲਦਾ ਹੈ, ਜਿਸਦਾ ਮਗਰੋਂ ਆਰਿਆਈ ਸੰਸਕ੍ਰਿਤੀ ਵਿੱਚ ਉਦਾਤੀਕਰਨ ਹੋ ਗਿਆ ਅਤੇ ਪੁਰਾਣਾ ਵਿੱਚ ਇਹ ਵਿਸ਼ਨੂੰ ਦੇ ਇੱਕ ਅਵਤਾਰ ਦੇ ਰੂਪ ਵਿੱਚ ਪ੍ਰਕਾਸ਼ਮਾਨ ਹੋਇਆ।’’[13]

ਬੇਦੀ ਕਥਾ ਪਰੰਪਰਾ ਦਾ ਦੂਸਰਾ ਮਹੱਤਵਪੂਰਨ ਪ੍ਰਭਾਵ ਪੁਰਾਣ ਪਰੰਪਰਾ ਨੂੰ ਪ੍ਰਵਾਨ ਕਰਦਾ ਹੈ। ਬੇਦੀ ਪੁਰਾਣਾਂ ਨੂੰ ਪੰਜਾਬੀਆਂ ਦਾ ‘ਲੋਕ ਵਿਰਸਾ’ ਪ੍ਰਵਾਨ ਕਰਦਾ ਹੈ। ਪੁਰਾਣ ਪਰੰਪਰਾ ਨੇ ਕਿਸੇ ਵਿਸ਼ੇਸ਼ ਫਿਰਕੇ ਜਾਂ ਲੋਕ ਸਮੂਹ ਦੁਆਰਾ ਸਤਿਕਾਰਤ ਵਿਅਕਤਿੱਤਵ ਦੁਆਲੇ ਅਲੌਕਿਕ ਅਤੇ ਅਦਭੁਤ ਘਟਨਾਵਾਂ ਸਿਰਜਣ ਦੀ ਪ੍ਰਵਿਰਤੀ ਪ੍ਰਦਾਨ ਕੀਤੀ। ਬੇਦੀ ਉਪਰੋਕਤ ਸ਼੍ਰੋਤਾਂ ਤੋਂ ਬਿਨਾਂ ਪੁਰਾਣ ਪਰੰਪਰਾ ਅਧੀਨ ਪੰਚ ਤੰਤਰ, ਹਿਤ ਉਪਦੇਸ਼, ਬ੍ਰਿਹਤ ਕਥਾ, ਕਥਾ ਸਰਿਤ ਸਾਗਰ, ਬੇਤਾਲ ਪੱਚੀਸੀ, ਸੁਕਾ ਸੱਪਤੀ, ਸਿੰਘਾਸਨ ਪੱਚੀਸੀ ਗ੍ਰੰਥਾਂ ਦਾ ਿੇਕਰ ਕਰਦਾ ਹੈ। ਬੇਦੀ ਗੁਣਾਡੇ ਦੇ ਪਿਸਾਚੀ ਭਾਸ਼ਾ ਵਿੱਚ ਲਿਖੇ‘ਵੱਡ ਕਹਾ’ਗ੍ਰੰਥ ਦੇ ਮੂਲ ਰੂਪ ਦੇ ਅਲੋਪ ਹੋ ਜਾਣ ਨੂੰ ਪੰਜਾਬੀ ਕਥਾ ਪਰੰਪਰਾ ਦਾ ਇੱਕ ਵੱਡਾ ਘਾਟਾ ਪ੍ਰਵਾਨ ਕਰਦਾ ਹੈ। ਪ੍ਰੀਤ ਕਥਾਵਾਂ ਦੇ ਸੰਦਰਭ ਵਿੱਚ ਬੇਦੀ ਧਾਰਨਾ ਦਿੰਦਿਆਂ ਕਹਿੰਦਾ ਹੈ ਕਿ ‘‘ਸਾਡੀਆਂ ਬਹੁਤੀਆਂ ਪ੍ਰੇਮ ਕਥਾਵਾਂ ਦਾ ਘਟਨਾ ਖੇਤਰ ਉਹੋ ਇਲਾਕਾ ਹੈ ਜਿੱਥੇ ਕਦੇ ਪਿਸ਼ਾਚੀ ਭਾਸ਼ਾ ਬੋਲੀ ਜਾਂਦੀ ਸੀ। ਸੰਭਵ ਹੈ ਕਿ ਹੀਰ ਰਾਂਝਾ ਆਦਿ ‘ਵੱਡ ਕਹਾ’ ਦੀਆਂ ਪ੍ਰੀਤ ਕਥਾਵਾਂ ਦਾ ਹੀ ਪੁਨਰ ਨਿਰਮਾਣ ਹੈ।’’[14]

ਇਥੇ ਬੇਦੀ ਸਾਡੀ ਪ੍ਰੇਮ ਗਾਥਾਵਾਂ ਨੂੰ ਕਿਸੇ ਨਿਰੋਲ ਵਿਦੇਸ਼ੀ ਪ੍ਰਭਾਵ ਨਾਲੋਂ ਦੇਸੀ ਪਰੰਪਰਾ ਨਾਲ ਜੋੜ ਕੇ ਦੇਖਣ ਦੀ ਧਾਰਨਾ ਪ੍ਰਸਤੁਤ ਕਰਦਾ ਹੈ। ਬੇਦੀ ਦੀ ਇਹ ਧਾਰਨਾ ਹੈ ਕਿ ‘ਵੱਡ ਕਹਾ’ਗ੍ਰੰਥ ਦਾ ਮੂਲ ਉਪਲਬਧ ਨਾ ਹੋਣ ਕਾਰਨ ਯੂਨਾਨੀ ਕਥਾ ਪਰੰਪਰਾ ਨੇ ਪੰਜਾਬੀ ਕਥਾ ਸਾਹਿਤ ਵਿੱਚ ਜਿਹੜੇ ਪਰਿਵਰਤਨ ਕੀਤੇ ਉਹਨਾਂ ਦੀ ਸਹੀ ਥਾਹ ਨਹੀਂ ਪਾਈ ਜਾ ਸਕਦੀ।

ਪੰਜਾਬੀ ਕਥਾ ਪਰੰਪਰਾ ਉਤੇ ਯੂਨਾਨੀ ਪ੍ਰਭਾਵ ਦਾ ਅਧਿਐਨ ਕਰਦਿਆਂ ਸੋਹਣੀ ਮਹੀਵਾਲ ਦੀ ਪ੍ਰੀਤ ਕਥਾ ਵਿੱਚ ਮਹੀਵਾਲ ਦਾ ਸੋਹਣੀ ਦੇ ਵਿਯੋਗ ਵਿੱਚ ਡੁੱਬ ਕੇ ਮਰਨ ਦੀ ਰੂੜ੍ਹੀ ਨੂੰ ਯੂਨਾਨੀ ਪ੍ਰੇਮ ਕਥਾ ‘‘ਹੀਰੋ ਅਤੇ ਲੈਂਡੋ’’ ਦੀ ਰੂੜ੍ਹੀ ਤੋਂ ਆਈ

ਪ੍ਰਵਾਨ ਕਰਦਾ ਹੈ, ਜਿਸ ਅਨੁਸਾਰ ਲੈਂਡੋ, ਹੀਰੋ ਦੇ ਵਿਛੋੜੇ ਵਿੱਚ ਦਰਿਆ ਵਿੱਚ ਡੁੱਬ ਕੇ ਆਪਣੀ ਜਾਨ ਗਵਾਉਂਦਾ ਹੈ। ਬੇਦੀ ਅਨੁਸਾਰ ''ਦੋਹਾਂ ਪ੍ਰੀਤ ਕਥਾਂਵਾਂ ਵਿੱਚ ਇਕੋ ਕਥਾਨਿਕ ਰੂੜ੍ਹੀ ਹੈ, ਅੰਤਰ ਸਿਰੰ ਪਸਾਰ ਵਿੱਚ ਹੈ।''[15] ਬੇਦੀ ਪੋਠੋਹਾਰ ਦੇ ਖੇਤਰ ਵਿੱਚ ਪ੍ਰਚਲਿਤ ਇਕ ਕਥਾ ਦੀ ਚਰਚਾ ਕਰਦਾ ਹੈ ਜਿਸ ਵਿੱਚ ਇੱਕ ਔਰਤ ਆਪਣੇ ਭਰਾ ਦੀ ਜਾਨ ਬਚਾਉਣ ਲਈ ਆਪਣੇ ਪਤੀ ਅਤੇ ਪੁਤਰ ਦੀ ਮ੍ਰਿਤੂ ਪ੍ਰਵਾਨ ਕਰ ਲੈਂਦੀ ਹੈ। ਇਹ ਯੂਨਾਨੀ ਰੂੜ੍ਹੀ ਪੰਜਾਬੀ ਲੋਕ ਮਨ ਦੀਆਂ ਪ੍ਰਵਿਰਤੀਆਂ ਦੇ ਅਨੁਕੂਲ ਨਾ ਹੋਣ ਕਾਰਨ ਅਸਵੀਕਾਰ ਕਰ ਦਿੱਤੀ ਅਤੇ ਮੌਖਿਕ ਪਰੰਪਰਾ ਵਿਚੋਂ ਛੇਤੀ ਹੀ ਲੁਪਤ ਹੋ ਗਈ। ਇਸਦੀ ਪ੍ਰਕਿਰਤੀ ਪੰਜਾਬੀ ਜਾਤੀ ਦੀਆਂ ਸਾਂਸਕ੍ਰਿਤਕ ਕਦਰਾਂ, ਰੁਚੀਆਂ, ਮਾਨਤਾਵਾਂ ਦੇ ਅਨੁਕੂਲ ਨਹੀਂ ਸੀ।

ਇਸਤੋਂ ਅਗਾਂਹ ਬੇਦੀ ਪੰਜਾਬੀ ਦੀ ਕਥਾ ਪਰੰਪਰਾ ਨੂੰ ਪ੍ਰਭਾਵਿਤ ਕਰਨ ਵਾਲਾ ਇਕ ਵਿਸ਼ੇਸ਼ ਤੱਤ ਬੋਧੀ ਜਾਤਕ ਤੇ ਅਵਦਾਨ ਪਰੰਪਰਾ ਨੂੰ ਸਵੀਕਾਰ ਕਰਦਾ ਹੈ। ਇਸ ਤਰ੍ਹਾਂ ਅਵਦਾਨ ਪਰੰਪਰਾ ਤੋਂ ਪਹਿਲੀ ਵਾਰ ਪੰਜਾਬੀ ਕਥਾ ਪਰੰਪਰਾ ਵਿੱਚ ਕਿਸੇ ਗੁਰੂ, ਮਹਾਂਪੁਰਸ਼, ਧਾਰਮਿਕ ਵਿਅਕਤੀ, ਸਥਾਨ, ਘਟਨਾ ਆਦਿ ਦੁਆਲੇ ਲੋਕਧਾਰਾਈ ਮਿੱਥਕ ਸਮੱਗਰੀ ਦੁਆਰਾ ਕਥਾਵਾਂ ਦੀ ਸਿਰਜਣਾ ਕਰਨ ਦੀ ਲੋਕ ਪ੍ਰਵਿਰਤੀ ਦਾ ਉਦੈ ਹੁੰਦਾ ਹੈ।

ਬੇਦੀ ਇਸ ਵਿਸ਼ੇਸ਼ ਪ੍ਰਭਾਵ ਸੰਬੰਧੀ ਲਿਖਦਾ ਹੈ ਕਿ ''ਤੱਥ ਮਿੱਥ ਦਾ ਇਹ ਸੰਯੋਗ, ਜੋ ਪਹਿਲੀ ਵਾਰ ਪ੍ਰਤੱਖ ਰੂਪ ਵਿੱਚ ਅਵਦਾਨਾਂ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ, ਮਧਕਾਲੀ ਕਥਾ ਪਰੰਪਰਾ ਵਿੱਚ ਉਭਰਵੇਂ ਰੂਪ ਵਿੱਚ ਫੈਲਿਆ ਹੋਇਆ ਹੈ।''[16] ਬੇਦੀ ਬੁੱਧ ਧਰਮ ਦੇ ਮਧਕਾਲੀਨ ਕਥਾ ਪਰੰਪਰਾ ਉਪਰ ਪਏ ਪ੍ਰਭਾਵਾਂ ਦਾ ਅਧਿਐਨ ਕਰਦਿਆਂ ਵਿਭਿੰਨ ਕਥਾਨਿਕ ਰੂੜ੍ਹੀਆਂ ਦੇ ਪਰਿਵਰਤਨ ਦੀ ਦਿਸ਼ਾ ਅਤੇ ਪ੍ਰਕਿਰਤੀ ਦੀ ਜਾਣਕਾਰੀ ਵੀ ਦਿੰਦਾ ਹੈ। ਭਾਵ ਕਥਾਨਿਕ ਰੂੜ੍ਹੀਆਂ ਇਕ ਕਥਾ ਪਰੰਪਰਾ ਤੋਂ ਦੂਜੀ ਕਥਾ ਪਰੰਪਰਾ ਵਿੱਚ ਯਾਤਰਾ ਕਿਵੇਂ ਕਰਦੀਆਂ ਹਨ। ਬੇਦੀ ਇਸਦੀ ਉਦਾਹਰਨ ਕਿਸੇ ਦੀ ਭੁੱਖ ਮਿਟਾਉਣ ਲਈ ਆਪਣਾ ਆਪਾ ਪੇਸ਼ਕਸ਼ ਕਰਨ ਦੀ ਬੋਧੀ ਰੂੜ੍ਹੀ ਦੇ ਰੂਪ ਵਿੱਚ ਦਿੰਦਾ ਹੈ ਜਿਹੜੀ ਰਾਜਾ ਰਸਾਲੂ ਨਾਲ ਵੀ ਸੰਬੰਧਤ ਸੀ ਅਤੇ ਅਗਾਂਹ ਯੂਨਾਨੀ ਪ੍ਰਭਾਵ ਵਾਂਗੂੰ ਪ੍ਰੀਤ ਗਾਥਾ ਸੋਹਣੀ ਮਹੀਵਾਲ ਵਿੱਚ ਵੀ ਉਪਲਬਧ ਹੈ। ਇਸ ਸੰਬੰਧੀ ਬੇਦੀ ਲਿਖਦਾ ਹੈ ਕਿ ''ਆਪਣੇ ਸਰੀਰ ਨੂੰ ਕਿਸੇ ਅੱਗੇ ਖਾਣ ਲਈ ਭੇਂਟ ਕਰਨਾ ਬੋਧੀ ਕਥਾਨਕ ਰੂੜ੍ਹੀ ਹੈ। ''ਸੋਹਣੀ ਮਹੀਵਾਲ'' ਵਿੱਚ ਵੀ ਇਹ ਰੂੜ੍ਹੀ ਰਤਾ ਸੋਧੇ ਹੋਏ ਰੂਪ ਵਿੱਚ ਉਪਲਬਧ ਹੈ। ਮਹੀਵਾਲ ਆਪਣੇ ਪੱਟ ਦੀ ਮੱਛੀ ਭੁੰਨ ਕੇ ਸੋਹਣੀ ਨੂੰ ਖਾਣ ਲਈ ਦਿੰਦਾ ਹੈ। ਸੋਹਣੀ ਮਹੀਵਾਲ ਬੋਧੀ ਅਤੇ ਯੂਨਾਨੀ ਕਥਾ ਰੂੜ੍ਹੀਆਂ ਦੀ ਮਿਸ ਜਾਪਦੀ ਹੈ।''[17]

ਬੋਧ ਪਰੰਪਰਾ ਦੇ ਨਾਲ਼ ਨਾਲ਼ ਜੈਨ ਪਰੰਪਰਾ ਨੇ ਵੀ ਪੰਜਾਬੀ ਕਥਾ ਪਰੰਪਰਾ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ। ਜੈਨ ਸਾਹਿਤ ਵਿੱਚ ਪ੍ਰਚਲਿਤ ਕਥਾ ਸਾਹਿਤ ਦੀ ਅਧਿਆਤਮਕ ਮਹਾਨਤਾ ਹੈ। ਜੈਨ ਸਾਹਿਤ ਵਿੱਚ ਮਿਲਦੇ 'ਚਰਿਤ੍ਰ ਕਥਾ' ਤੋਂ ਪ੍ਰਭਾਵਿਤ ਪੰਜਾਬੀ ਧਾਰਾ ਵਿੱਚ 'ਚਲਿਤ੍ਰ ਕਥਾ' ਦੀ ਉਤਪਤੀ ਹੁੰਦੀ ਹੈ। ਇਨ੍ਹਾਂ ਸੰਬੰਧੀ ਬੇਦੀ ਲਿਖਦਾ ਹੈ : ''ਪਰ ਪੰਜਾਬੀਆਂ ਨੇ ਮੂਲ ਚਰਿਤ੍ਰ ਪਰੰਪਰਾ ਤੋਂ ਨਿਖੇੜ ਕੇ ਇੱਕ ਨਵੀਂ ਪਰੰਪਰਾ ''ਚਲਿਤ੍ਰ ਕਥਾ'' ਦੀ ਤੋਰੀ, ਜੋ ਉਪਰੋਕਤ ਭਾਂਤ ਦੇ ਚਰਿਤ੍ਰ ਨਾਲੋਂ ਵਿਸ਼ੇਵਸਤੂ ਅਤੇ ਦ੍ਰਿਸ਼ਟੀ ਤੋਂ ਭਿੰਨ ਸੀ।''[18] ਇਸ ਪ੍ਰਕਾਰ ਜੈਨ ਪਰੰਪਰਾ ਦਾ ਪ੍ਰਭਾਵ ਕਿਸੇ ਵਿਸ਼ਾਲ ਪਰਿਵਰਤਨ ਦਾ ਸਬਬ ਨਹੀਂ ਬਣਦਾ ਸਗੋਂ ਬੋਧੀ ਪ੍ਰਭਾਵ ਨਾਲ ਹੀ ਇਕਮਿਕ ਹੋਇਆ ਜਾਪਦਾ ਹੈ।

ਇਸ ਦੌਰ ਵਿੱਚ ਮਧਕਾਲੀਨ ਪੰਜਾਬੀ ਕਥਾ ਪਰੰਪਰਾ ਦੀ ਇਕਾਗਰ ਪੌਰਾਣਿਕ ਪ੍ਰਭਾਵ ਦੀ ਇਕਸੁਰਤਾ ਭੰਗ ਹੋ ਜਾਂਦੀ ਹੈ। ਭਾਵੇਂ ਕਥਾ ਪਰੰਪਰਾ ਦੀ ਮੂਲ ਪ੍ਰਕਿਰਤੀ ਮਿਥਕ ਭਾਂਤ ਦੀ ਹੀ ਰਹੀ ਪ੍ਰੰਤੂ ਇਸਦੇ ਪਾਤਰ, ਹੁਣ ਦਿਵ ਪੁਰਖਾਂ ਵਰਗੇ ਨਹੀਂ ਸਗੋਂ ਆਮ ਜਨਮਾਨਸ 'ਚੋਂ ਲਏ ਗਏ ਅਸਧਾਰਨ ਵਿਅਕਤਿਤਵ ਦੇ ਮਾਲਕ ਵਿਅਕਤੀ ਸਨ। ਇਹਨਾ ਪ੍ਰਭਾਵਾਂ ਤੋਂ ਬਾਅਦ ਬੇਦੀ ਇੱਕ ਮਹੱਤਵਪੂਰਨ ਤੱਤ ਸੈਮਟਿਕ ਕਥਾ ਪਰੰਪਰਾ ਦਾ ਪਰਵਾਨ ਕਰਦਾ ਹੈ ਜਿਸਨੇ ਸਾਡੀ ਕਥਾ ਪਰੰਪਰਾ ਨੂੰ ਲੰਮਾਂ ਸਮਾਂ ਇਕਾਗਰ ਰੂਪ ਵਿੱਚ ਪ੍ਰਭਾਵਤ ਕੀਤਾ ਅਤੇ ਇਸਦੀ ਕਥਾ ਵਸਤੂ, ਕਥਾਨਿਕ ਰੂੜ੍ਹੀਆਂ ਅਤੇ ਕਥਾਵਾਂ ਦੀ ਪ੍ਰਕਿਰਤੀ ਵਿੱਚ ਬੁਨਿਆਦੀ ਪਰਿਵਰਤਨ ਵਾਪਰਦਾ ਹੈ। ਇਸ ਪ੍ਰਭਾਵ ਸੰਬੰਧੀ ਬੇਦੀ ਲਿਖਦਾ ਹੈ ਕਿ ''ਸਾਮੀ ਪ੍ਰਭਾਵ ਹੇਠ ਇਕ ਨਵੀਂ ਸੋਝੀ ਅਤੇ ਸਮਾਜਿਕ ਚੇਤਨਤਾ ਉਦੈ ਹੋਈ। ਇਸ ਨਵੀਂ ਸੂਝ ਕਾਰਨ ਇੱਕ ਤਾਂ ਕਥਾਵਾਂ ਵਿੱਚ (ਪਰੀ ਕਥਾਵਾਂ ਨੂੰ ਛੱਡ ਕੇ) ਅਸੰਭਵ ਅਤੇ ਅਣਹੋਣੇ ਤੱਤ ਘਟਣ ਲੱਗੇ ਅਤੇ ਵਾਸਤਵਿਕਤਾ ਦਾ ਅੰਸ਼ ਉਭਰਨ ਲੱਗਾ। ਦੂਜਾ ਕਥਾਵਾਂ ਵਿੱਚ ਸਮਾਜਿਕ ਅਨਿਆਂ ਅਤੇ ਬੰਧਨਾਂ ਵਿਰੁੱਧ ਸੁਰ ਨਿਖਰਨ ਲੱਗੀ। ਤੀਜਾ ਕਥਾ ਕਹਾਣੀ ਲੋਕਾਂ ਦੇ ਕੰਨੀ ਨੇੜੇ ਹੋ ਗਈ। ਜਿਵੇਂ ਪਿਛਲੀਆਂ ਕੁੱਝ ਸਦੀਆਂ ਵਿੱਚ ਧਾਰਮਿਕ ਕਥਾਵਾਂ ਵਿੱਚ ਦੇਵਤਿਆਂ ਦੀ ਥਾਂ ਮਹਾਂਪੁਰਸ਼ਾਂ ਨੇ ਲੈ ਲਈ ਸੀ ਇਸ ਤਰ੍ਹਾਂ ਲੌਕਿਕ ਖੇਤਰ ਦੀਆਂ ਕਥਾਵਾਂ ਵਿੱਚ ਰਾਜਿਆਂ ਦੀ ਥਾਂ ਸਧਾਰਨ ਲੋਕਾਂ ਨੇ ਮਲ ਲਈ।''[19]

ਇਸ ਕਾਲ ਖੰਡ ਦੌਰਾਨ ਸਾਮੀ ਅਤੇ ਆਰਿਆਈ ਕਥਾ ਪਰੰਪਰਾ ਦਾ ਸੁਮੇਲ ਹੁੰਦਾ ਹੈ। ਇਸ ਦੌਰ ਵਿਚ ਪੰਜਾਬੀ ਕਥਾ ਪਰੰਪਰਾ ਅਤੇ ਕਥਾਨਿਕ ਰੂੜ੍ਹੀਆਂ, ਸੈਮਟਿਕ ਪ੍ਰਭਾਵ ਵੱਲ ਰੁਚਿਤ ਹੋ ਗਈਆਂ ਅਤੇ ਬਹੁਤ ਸਾਰੀਆਂ ਪੁਰਾਣ ਕਥਾਵਾਂ, ਸੈਮਟਿਕ ਕਥਾਨਿਕ ਰੂੜ੍ਹੀਆਂ ਨੂੰ ਆਪਣਾ ਕੇ ਨਵੇਂ ਰੂਪ ਵਿੱਚ ਉਜਾਗਰ ਹੋਈਆਂ। ਬੇਦੀ ਅਨੁਸਾਰ ''ਹੀਰ ਰਾਂਝਾ, ਸੋਹਣੀ ਮਹੀਵਾਲ, ਸੱਸੀ

ਪੁੰਨੂ ਅਤੇ ਮਿਰ÷ਾ ਸਾਹਿਬਾਂ ਦੀਆਂ ਪ੍ਰੇਮ ਕਥਾਵਾਂ ਇਸੇ ਸਮੇਂ ਦੀ ਪੈਦਾਵਾਰ ਹਨ ਜੋ ਆਪਣੇ ਪੌਰਾਣਿਕ ਅਸਲੇ ਨਾਲੋਂ ਟੁੱਟ ਕੇ ਅਤੇ ਆਪਣੀ ਮੂਲ ਪਛਾਣ ਗੰਵਾ ਕੇ ਨਵੇਂ ਰੂਪ ਵਿੱਚ ਉਦੈ ਹੋਈਆਂ।''[20]

ਇਸ ਪ੍ਰਭਾਵ ਨਾਲ ਪੰਜਾਬੀ ਕਥਾ ਪਰੰਪਰਾ ਵਿੰਚ ਪਰਾਭੌਤਿਕ ਅੰਸ਼ਾਂ ਦੀ ਹੋਂਦ ਦੇ ਬਾਵਜੂਦ ਵਧੇਰੇ ਵਾਸਤਵਿਕ ਪਾਤਰਾਂ ਦੀ ਪ੍ਰਾਪਤੀ ਹੁੰਦੀ ਹੈ। ਪਹਿਲੀ ਵਾਰ ਪੰਜਾਬੀ ਕਥਾ ਪਰੰਪਰਾ ਵਿੱਚ ਪਿਆਰ ਭਾਵ ਦੇ ਆਲੇ ਦੁਆਲੇ ਵਚਿਤਰ ਕਥਾਨਿਕ ਰੂੜ੍ਹੀਆਂ ਰਾਹੀਂ ਅਧਿਆਤਮਕ ਬਿਰਤੀ ਦੀ ਦੁਨਿਆਵੀ ਕਥਾ ਪ੍ਰਾਪਤ ਹੋਈ। ਬੋਧ ਪਰੰਪਰਾ ਵਾਂਗ ਹੀ ਸੈਮਟਿਕ ਪ੍ਰਭਾਵ ਨੇ ਵੀ ਪਰਾਭੌਤਿਕ ਤੱਤਾਂ ਦਾ ਰਲਾਅ ਘਟ ਕਰਨ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ, ਅਤੇ ਬੋਧੀ ਪ੍ਰਭਾਵ ਤੋਂ ਉਲਟ ਅਧਿਆਤਮਕ ਸੰਦੇਸ਼ ਵਿੱਚ ਪਿਆਰ/ ਇਸ਼ਕ ਦੇ ਭਾਵ ਨੂੰ ਦੈਵੀ ਦਰਜਾ ਪ੍ਰਦਾਨ ਕੀਤਾ ਗਿਆ।

ਇਸਤੋਂ ਅਗਾਂਹ ਬੇਦੀ ਪੰਜਾਬ ਦੀ ਧਰਤੀ ਤੇ ਮੁਗਲਾਂ ਦੇ ਵਿਰੋਧ ਵਿੱਚ ਪੈਦਾ ਹੋਈ ਕ੍ਰਾਂਤੀਕਾਰੀ ਸਿੱਖ ਚੇਤਨਾ ਦੇ ਪ੍ਰਭਾਵਾਂ ਦੀ ਕਥਾ ਪਰੰਪਰਾ ਉਪਰ ਪਏ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਨਾ ਹੈ।ਇਸ ਧਾਰਨਾ ਸੰਬੰਧੀ ''ਉਪਖਯਾਨ ਚਰਿਤ੍ਰ'' ਦਾ ਹਵਾਲਾ ਦਿੰਦਿਆਂ ਬੇਦੀ ਲਿਖਦਾ ਹੈ ਕਿ ''ਪੰਜਾਬ ਦੀ ਕਥਾ ਪਰੰਪਰਾ ਵਿੱਚ ਜੋ ਮਹੱਤਵਸ਼ੀਲ ਅਤੇ ਗੌਰਵਮਈ ਸਥਾਨ ਦਸਮ ਗ੍ਰੰਥ ਦੇ 'ਉਪਖਯਾਨ ਚਰਿਤ੍ਰ' ਦਾ ਹੈ, ਉਹ ਕਿਸੇ ਹੋਰ ਮਧਕਾਲੀਨ ਰਚਨਾ ਨੂੰ ਪ੍ਰਾਪਤ ਨਹੀਂ''[21] ਬੇਦੀ ਦਸਮ ਗ੍ਰੰਥ ਵਿਚਲੇ ਇਸ ਭਾਗ ਦੀ ਤੁਲਨਾ ''ਵੱਡ ਕਹਾ'' ਨਾਲ ਕਰਦਾ ਹੈ। ਬੇਦੀ ਇਸ ਰਚਨਾ ਨੂੰ ਬਾਣੀ ਦੇ ਵਸ਼ਿਸ਼ਟ ਦਾਰਸ਼ਨਿਕ ਚਿੰਤਨ ਤੋਂ ਨਿਖੇੜ ਕੇ ਅਧਿਐਨ ਕਰਨ ਦੀ ਸਥਾਪਨਾ ਪੇਸ਼ ਕਰਦਾ ਹੈ। 'ਉਪਖਯਾਨ ਚਰਿਤ੍ਰ' ਵਿੱਚ ਉਪਲਬਧ ਕਥਾਵਾਂ ਸਾਮੀ ਅਤੇ ਯਹੂਦੀ ਮੂਲ ਦੀਆਂ ਹਨ। ਦਸਮ ਗ੍ਰੰਥ ਵਿੱਚ ਪ੍ਰਾਪਤ ਕਥਾਵਾਂ ਜੋ ਕਿ ਕਿੱਸਿਆਂ ਦੇ ਰੂਪ ਵਿੱਚ ਮਿਲਦੀਆਂ ਹਨ-ਜਿਵੇਂ ਹੀਰ ਰਾਂਝਾ, ਸੱਸੀ ਪੁੰਨੂ, ਸੋਹਣੀ ਮਹੀਵਾਲ, ਮਿਰ÷ਾ ਸਾਹਿਬਾ ਆਦਿ ਦੇ ਕਿੱਸਿਆਂ ਵਿੱਚ ਮਿਲਦੇ ਰੂਪਾਂਤਰ ਤੋਂ ਭਿੰਨ ਹਨ। ਸਪੱਸ਼ਟ ਰੂਪ ਵਿੱਚ ਇਹ ਉਸ ਵੇਲੇ ਪ੍ਰਚਲਤ ਪੁਰਾਣ ਧਾਰਾ ਦੀ ਮੌਖਿਕ ਪਰੰਪਰਾ ਤੋਂ ਪ੍ਰਾਪਤ ਕਰਕੇ ਦਸਮ ਗ੍ਰੰਥ ਵਿੱਚ ਸੰਭਾਲੀਆਂ ਗਈਆਂ ਹਨ। ਇਸ ਸਮੱਗਰੀ ਦੀ ਲੋਕਧਾਰਾਈ ਅਧਿਐਨ ਦ੍ਰਿਸ਼ਟੀ ਤੋਂ ਬਹੁਤ ਮਹਾਨਤਾ ਹੈ। ਇਹ ਸਮੱਗਰੀ 'ਵੱਡ ਕਹਾ' ਗ੍ਰੰਥ ਦੇ ਘਾਟੇ ਨੂੰ ਪੂਰਾ ਕਰਨ ਵਿੱਚ ਯੋਗਦਾਨ ਦੇ ਸਕਦੀ ਹੈ। ਬੇਦੀ ਆਪਣੀ ਬੇਵਕਤ ਮ੍ਰਿਤੂ ਕਾਰਨ ਦਸਮ ਗ੍ਰੰਥ ਸੰਬੰਧੀ ਆਪਣੀ ਪੁਸਤਕ ਪੂਰਨ ਨਹੀਂ ਕਰ ਪਾਇਆ। ਬੇਦੀ ਸਿੱਖ ਪ੍ਰਭਾਵਾਂ ਤੋਂ ਬਾਅਦ ਅੰਗਰੇ÷ਾਂ ਦੇ ਆਉਣ ਨਾਲ ਪੈਣ ਵਾਲੇ ਪ੍ਰਭਾਵਾਂ ਨੂੰ ਵਧੇਰੇ ਨਿੱਗਰ ਪ੍ਰਵਾਨ ਨਹੀਂ ਕਰਦਾ ਇਸ ਸੰਬੰਧੀ ਉਸਦੀ ਧਾਰਨਾ ਹੈ ਕਿ ''ਪੰਜਾਬੀ ਕਥਾ ਪਰੰਪਰਾ ਉਤੇ ਈਸਾਈ ਕਥਾਵਾਂ ਦਾ ਪ੍ਰਭਾਵ ਬਲਵਾਨ ਅਤੇ ਇਕਾਗਰ ਰੂਪ ਵਿੱਚ ਨਹੀਂ ਪਿਆ, ਕਿਉਂ ਜੋ ਅਨੇਕਾਂ ਈਸਾਈ ਕਥਾਨਿਕ ਰੂੜ੍ਹੀਆਂ ਅਤੇ ਪੌਰਾਣਿਕ ਕਥਾਵਾਂ ਸਾਮੀ ਪ੍ਰਭਾਵ ਹੇਠਾਂ ਪਹਿਲਾਂ ਹੀ ਪੰਜਾਬ ਵਿੱਚ ਪ੍ਰਵੇਸ਼ ਕਰ ਚੁੱਕੀਆਂ ਸਨ।''[22]

ਇਸ ਪ੍ਰਕਾਰ ਬੇਦੀ ਸਾਰੇ ਮਧਕਾਲੀਨ ਕਥਾ ਸਾਹਿਤ ਨੂੰ ਲੋਕਧਾਰਾਈ ਪਸਾਰ ਅਤੇ ਸਿਰਜਣਾਵਾਂ ਪ੍ਰਵਾਨ ਕਰਦਾ ਹੈ। ਬੇਦੀ ਦੀਆਂ ਸਥਾਪਨਾਵਾਂ ਅਨੁਸਾਰ ਮਧਕਾਲੀਨ ਕਥਾ ਸਾਹਿਤ, ਸਾਖੀਆਂ, ਮਸਲੇ, ਸੁਖਨ, ਨੀਤੀ ਕਥਾ, ਪਰੀ ਕਥਾ, ਚਰਿਤ੍ਰ, ਚਲਿਤ੍ਰ ਆਦਿ ਜੋ ਵੀ ਕਥਾ ਰੂਪ ਹਨ ਉਹਨਾਂ ਦਾ ਅਧਿਐਨ ਲੋਕਧਾਰਾਈ ਸਮੱਗਰੀ ਨਾਲੋਂ ਨਿਖੇੜ ਕੇ ਕਰਨਾ ਇਹਨਾਂ ਕਥਾ ਰੂਪਾਂ ਦੀ ਮੂਲ ਪ੍ਰਕਿਰਤੀ ਅਤੇ ਸੁਭਾਅ ਨਾਲ ਅਨਿਆਇ ਹੈ। ਬੇਦੀ ਮੱਧਕਾਲੀਨ ਕਥਾ ਪਰੰਪਰਾ ਨੂੰ ਸਿੰਧੂ ਘਾਟੀ ਦੀ ਸਭਿਅਤਾ ਦੀਆਂ ਰੂੜ੍ਹੀਆਂ ਤੇ ਉਸਰੀ, ਪੁਰਾਣ ਧਾਰਾ ਦੀ ਬਲਵਾਨ ਪਰੰਪਰਾ 'ਚ ਪਲੀ, ਵੇਦਾਂ 'ਚ ਰਚਿਤ ਕਥਾਵਾਂ, ਬੋਧ ਜੈਨ, ਯੂਨਾਨੀ, ਸਿਥੀਅਨ, ਸੈਮਟਿਕ, ਈਸਾਈ, ਅਤੇ ਫਿਰ ਸਿੱਖ ਪ੍ਰਭਾਵਾਂ ਅਧੀਨ ਸਿਰਜਿਤ ਇੱਕ ਅਦਭੁਤ ਪ੍ਰਕਿਰਤੀ ਅਤੇ ਬਿਰਤੀ ਦੀ ਧਾਰਨਾ ਪਰੰਪਰਾ ਪ੍ਰਵਾਨ ਕਰਦਾ ਹੈ।

ਬੇਦੀ ਨੇ ਪੰਜਾਬੀ ਸਾਹਿਤ ਅਤੇ ਲੋਕਧਾਰਾ ਦੇ ਅੰਤਰ ਸੰਬੰਧਾਂ ਦੇ ਬੁਨਿਆਦੀ ਸਵਾਲ ਸੰਬੰਧੀ ਸਿਧਾਂਤਕ ਪੱਧਰ ਤੇ ਮੁਢਲਾ ਵਿਗਿਆਨਕ ਚੌਖਟਾ ਤਿਆਰ ਕੀਤਾ। ਬੇਦੀ ਨੇ ਲੋਕਧਾਰਾਈ ਸਮੱਗਰੀ ਦੇ ਵਸ਼ਿਸ਼ਟ ਸਾਹਿਤ ਵਿੱਚ ਕਲਾਤਮਕ ਰੁਪਾਂਤਰਣ ਦੇ ਆਧਾਰਾਂ ਦੀ ਨਿਸ਼ਾਨਦੇਹੀ ਲਈ ਤਿੰਨ ਸੰਕਲਪਾਂ ਨੂੰ ਆਧਾਰ ਬਣਾਇਆ। ਪਹਿਲਾ ਲੋਕ ਰੂੜ੍ਹੀਆਂ ਦੂਸਰਾ ਲੋਕ ਰੂੜ੍ਹੀਆਂ ਤੋਂ ਉਪਜੀ ਵਿਸ਼ੇਸ਼ ਸਾਹਿਤਕ ਸੰਸਕ੍ਰਿਤੀ ਅਤੇ ਤੀਜਾ ਪੰਜਾਬੀ ਸਾਹਿਤਕ ਮਾਨਸਿਕਤਾ। ਲੋਕਧਾਰਾ ਅਤੇ ਸਾਹਿਤ ਦੇ ਅੰਤਰ ਸੰਬੰਧਾਂ ਬਾਰੇ ਬੇਦੀ ਲਿਖਦਾ ਹੈ ਕਿ ''ਪੰਜਾਬੀ ਭਾਸ਼ਾ ਲੋਕ ਬੋਲੀ ਦੇ ਰੂਪ ਵਿੱਚ ਹੋਂਦ ਵਿੱਚ ਆਈ ਤੇ ਵਿਗਸੀ। ਜਦੋਂ ਇਸ ਭਾਸ਼ਾ ਵਿੱਚ ਵਸ਼ਿਸ਼ਟ ਪੱਧਰ ਉਪਰ ਸਾਹਿਤ ਸਿਰਜਿਆ ਜਾਣ ਲੱਗਾ ਤਾਂ ਉਦੋਂ ਤੱਕ ਇਕ ਤਾਂ ਇਸ ਬੋਲੀ ਵਿੱਚ ਕਾੀ ਮਾਤਰਾ ਵਿੱਚ ਲੋਕ ਸਾਹਿਤ ਉਪਲਬਧ ਸੀ, ਜਿਸਦਾ ਲੋਕਧਾਰਾਈ ਤੱਤਾਂ ਅਤੇ ਰੂੜ੍ਹੀਆਂ ਨਾਲ ਓਤਪੋਤ ਹੋਣਾ ਸਹਿਜ ਸੀ। ਦੂਜਾ ਰੀਤ (ਅਨੁਸ਼ਠਾਨ) ਤੇ ਲੋਕ ਕਾਵਿ ਦੀ ਇਕਾਗਰਤਾ ਸਦਕਾ ਉਹ ਸਾਹਿਤ ਪੰਜਾਬੀ ਜੀਵਨ ਵਿਹਾਰ ਦਾ ਅਨਿੱਖੜ ਅੰਗ ਸੀ ਜਾਂ ਇਉਂ ਕਹਿ ਲਓ ਕਿ ਲੋਕ ਪ੍ਰਤਿਭਾ ਪੰਜਾਬੀ ਬੋਲੀ ਅਤੇ ਸਾਹਿਤ ਦਾ ਰੂਪ, ਸੰਸਕ੍ਰਿਤੀ ਅਤੇ ਮੁਹਾਂਦਰਾ ਘੜ ਚੁੱਕੀ ਸੀ। ਇਸ ਲਈ ਪੰਜਾਬੀ ਦੀ ਸਾਹਿਤਕ ਪ੍ਰਤਿਭਾ ਦਾ ਇਸ ਲੋਕ ਪ੍ਰਤਿਭਾ ਦੀ ਅਨੁਭੂਤੀ ਉਪਰ ਉਪਰਨਾ ਸੁਭਾਵਕ ਸੀ। ਫਲ ਸਵਰੂਪ ਪੰਜਾਬੀ ਦੀ ਸਾਹਿਤਕ ਮਾਨਸਿਕਤਾ ਲੋਕਧਾਰਾਈ ਬਿਰਤੀ ਦੀ ਬਣ ਗਈ।''[23]

ਬੇਦੀ ਦੁਆਰਾ ਲੋਕਧਾਰਾ ਅਤੇ ਸਾਹਿਤ ਦੇ ਸੰਬੰਧਾਂ ਵਿੱਚ ਦਿੱਤੀਆਂ ਧਾਰਨਾਵਾਂ ਦਾ ਵਿਸ਼ਲੇਸ਼ਣ ਇੱਕ ਵੱਖਰੇ ਖੋਜ ਪੱਤਰ ਦੀ ਮੰਗ ਕਰਦਾ ਹੈ, ਇੱਥੇ ਅਸੀਂ ਕੇਵਲ ਪ੍ਰਤੀਕ ਰੂਪ ਵਿੱਚ ਉਸਦੀਆਂ ਧਾਰਨਾਵਾਂ ਦੇ ਹਵਾਲੇ ਮਾਤਰ ਚਰਚਾ ਕਰਾਂਗੇ, ਮਸਲਨ ਬੇਦੀ ਕਿੱਸਾ ਸਾਹਿਤ ਦੀ ਉਤਪਤੀ ਦਾ ਸ੍ਰੋਤ ਫਾਰਸੀ ਮੂਲ ਨਾਲੋਂ ਆਪਣੀ ਦੇਸੀ 'ਸਵਾਂਗ' ਪਰੰਪਰਾ ਨੂੰ ਪ੍ਰਵਾਨ ਕਰਦਾ ਹੈ। ਬੇਦੀ ਕਿੱਸਾ ਕਾਵਿ ਧਾਰਾ ਨੂੰ ਸੂਫੀ ਕਾਵਿ ਧਾਰਾ ਦਾ ਅੰਗ ਤੇ ਪਸਾਰ ਹੀ ਮੰਨਦਾ ਹੈ। ਬੇਦੀ 'ਕਾਂਫੀ' ਨੂੰ ਰਾਗਣੀ ਦੀ ਬਜਾਇ ਕਾਵਿ ਰੂਪ ਮੰਨਣ ਦੀ ਧਾਰਨਾ ਦਿੰਦਾ ਹੈ ਕਿਉਂਕਿ ਉਸ ਅਨੁਸਾਰ ਸਾਡੇ ਕਾਵਿ ਰੂਪਾਂ ਦਾ ਆਧਾਰ ਰਾਗ ਨਹੀਂ ਹਨ। ਪੰਜਾਬੀ ਨਾਵਲ ਸੰਬੰਧੀ ਬੇਦੀ ਦੀ ਧਾਰਨਾ ਹੈ ਕਿ ''ਪੰਜਾਬੀ ਨਾਵਲ ਲੋਕ ਸਭਿਆਚਾਰ ਦੇ ਸਾਹਿਤਕ ਵਿਰਸੇ ਲੋਕ ਕਹਾਣੀਆਂ ਤੇ ਕਿੱਸਿਆਂ ਤੋਂ ਚੋਖਾ ਪ੍ਰਭਾਵਿਤ ਹੋਇਆ ਹੈ ਅਤੇ ਇਨ੍ਹਾਂ ਦੇ ਆਧਾਰ ਉਪਰ ਪੰਜਾਬੀਆਂ ਦੇ ਲੋਕ ਵਿਸ਼ਵਾਸ਼, ਸੰਸਕਾਰਾਂ, ਤਿਉਹਾਰਾਂ, ਗੀਤਾਂ ਰਸਮਾਂ ਤੇ ਮਨੌਤਾਂ ਆਦਿ ਬਾਰੇ ਪੂਰਾ ਕੋਸ਼ ਤਿਆਰ ਕੀਤਾ ਜਾ ਸਕਦਾ ਹੈ।''[24]

ਪ੍ਰੋ. ਪੂਰਨ ਸਿੰਘ ਸੰਬੰਧੀ ਬੇਦੀ ਦੀ ਧਾਰਨਾ ਹੈ ਕਿ ਪ੍ਰੋ. ਪੂਰਨ ਸਿੰਘ ਦੀ ਪੰਜਾਬੀਅਤ ਦੇ ਸੰਕਲਪ ਨੂੰ ਸਮਝਣ ਲਈ ਉਸਦੇ ਕਾਵਿ ਜਗਤ ਨੂੰ ਲੋਕਮਨ ਦੀਆਂ ਪ੍ਰਵਿਰਤੀਆਂ ਦੇ ਆਧਾਰ ਤੇ ਸਮਝਣਾ ਅਤਿ ÷ਰੂਰੀ ਹੈ। ਬੇਦੀ ਦੀਆਂ ਉਪਰੋਕਤ ਧਾਰਨਾਵਾਂ ਵਿਚੋਂ ਉਪਜੀ ਦ੍ਰਿਸ਼ਟੀ ਦੇ ਆਧਾਰ ਤੇ ਲੋਕਧਾਰਾਈ ਸਮੱਗਰੀ ਦੇ ਸਾਹਿਤ ਵਿੱਚ ਕਲਾਤਮਕ ਰੂਪਾਂਤਰਣ ਸੰਬੰਧੀ ਬੇਦੀ ਨੇ ਜਿਹੜਾ ਸਿਧਾਂਤਕ ਆਧਾਰ ਪ੍ਰਸਤੁਤ ਕੀਤਾ ਹੈ ਉਸਦੀ ਵਰਤੋਂ ਪੰਜਾਬੀ ਲੋਕਧਾਰਾਈ ਅਧਿਐਨ ਖੇਤਰ ਵਿੱਚ ਨਾਮਾਤਰ ਰੂਪ ਵਿੱਚ ਹੋਈ ਹੈ। ਇਸ ਪ੍ਰਕਾਰ ਬੇਦੀ ਪੰਜਾਬੀ ਲੋਕਧਾਰਾ ਅਧਿਐਨ ਖੇਤਰ ਵਿੱਚ ਅਜਿਹੀ ਵਿਗਿਆਨਕ ਸੰਕਲਪਾਵਲੀ ਸਥਾਪਿਤ ਕਰਦਾ ਜਿਸ ਦੁਆਰਾ ਲੋਕਧਾਰਾਈ ਸਮੱਗਰੀ ਦੇ ਅਧਿਐਨ ਲਈ ਇਕ ਨਿਸਚਿਤ ਵਿਗਿਆਨਕ ਚੌਖਟਾ ਪ੍ਰਾਪਤ ਹੁੰਦਾ ਹੈ। ਬੇਦੀ ਮਾਨਵ ਵਿਗਿਆਨਕ ਅਤੇ ਮਨੋਵਿਗਿਆਨਕ ਸਿਧਾਂਤਾਂ ਦੀ ਪਿੱਠ ਭੂਮੀ ਵਿੱਚ ਲੋਕਧਾਰਾ ਅਧਿਐਨ ਦਾ ਇੱਕ ਅੰਤਰ ਅਨੁਸ਼ਾਸ਼ਨੀ ਸਿਧਾਂਤਕ ਮਾਡਲ ਪ੍ਰਸਤੁੱਤ ਕਰਦਾ ਹੈ।

ਹਵਾਲੇ ਅਤੇ ਟਿੱਪਣੀਆਂ

1. Sir James George Frazer, Golden Bough, Page-49 Itassumes that in nature one event followsanother necessarilyand invariably without the intervention of spiritual or personalagents. Thus its fundamentalassumption is identical with science.
2. Ibid, The Sympathetic Connexion is supposed to exist betweena manand the weapon which has wounded him probably founded on the notion that the blood on weapon continues to feel with the blood in his body. page-11
3. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਲੋਕ ਧਰਮ, ਪੰਨਾ^20
4. ਉਹੀ, ਪੰਨਾ 19
5. ਉਹੀ, ਪੰਨਾ 20
6. ਸੋਹਿੰਦਰ ਸਿੰਘ ਵਣਜਾਰਾ ਬੇਦੀ (ਡਾ.) ਮਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ 31
7. C.G. Jung, Psychologiøl Types, (Trans.), H. Godwin Baynes, Page-615.
8. Our hitherto of nature of unconscious contents permitus, however to makea certain general division of them. We øn distinguisha petsonal unconscious which embracesall theacquisition of the personal existence........ I term these contents collective unconscious.
9. ਸੋਹਿੰਦਰ ਸਿੰਘ ਵਣਜਾਰਾ ਬੇਦੀ (ਡਾ.) ਮਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ^137
10. ਉਹੀ, ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ ਰੂੜ੍ਹੀਆਂ, ਪੰਨਾ^115
11. E.B. Tylor, Primitive Culture, Vol.2, Page 1.
12. Its essential concept is 'animism' the doctrine of soulsand the other spiritual being in general, from the latin word 'anima' means personal soul.
13. ਸੋਹਿੰਦਰ ਸਿੰਘ ਵਣਜਾਰਾ ਬੇਦੀ (ਡਾ.) ਮਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ^28
14. ਉਹੀ, ਪੰਨਾ^40
15. ਉਹੀ, ਪੰਨਾ^41
16. ਉਹੀ, ਪੰਨਾ^48
17. ਉਹੀ, ਪੰਨਾ^32
18. ਉਹੀ, ਪੰਨਾ^49
19. ਉਹੀ, ਪੰਨਾ^35
20. ਉਹੀ, ਪੰਨਾ^92
21. ਉਹੀ, ਪੰਨਾ^18
22. ਉਹੀ, ਪੰਨਾ^51
23. ਉਹੀ, ਪੰਨਾ^52
24. ਉਹੀ, ਪੰਨਾ^56
25. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ ਰੂੜ੍ਹੀਆਂ, ਪੰਨਾ^11
26. ਉਹੀ, ਪੰਨਾ^106